ਕੁੰਜੀ ਭਾਸ਼ਣ:

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੇਤਨਾ

ਜਗਬੀਰ ਸਿੰਘ*

ਮਾਣਯੋਗ ਪ੍ਰਧਾਨਗੀ ਮੰਡਲ ਤੇ ਵਿਦਵਾਨ ਦੋਸਤੋ, ਬਾਬਾ ਸੁੱਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ, ਅਮਰਕੋਟ, ਜੰਡਿਆਲਾ ਗੁਰੂ (ਅੰਮ੍ਰਿਤਸਰ) ਵਲੋਂ ਆਯੋਜਿਤ ਇਸ ਦੋ-ਦਿਨਾ ਰਾਸ਼ਟਰੀ ਵਿਚਾਰ ਗੋਸ਼ਟੀ ਵਿਚ, ਆਪ ਸੱਭ ਦਾ ਸਵਾਗਤ ਹੈ। ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ, ਅੱਜ ਦੀ ਵਿਚਾਰ ਗੋਸ਼ਟੀ ਦਾ ਮੁੱਖ ਵਿਸ਼ਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੇਤਨਾ ਦਾ ਸੰਕਲਪ' ਰੱਖਿਆ ਗਿਆ ਹੈ ਜੋ ਗਿਆਨ ਵਿਗਿਆਨ ਦੇ ਅਜੋਕੇ ਸੰਦਰਭ ਵਿਚ ਬਹੁਤ ਹੀ ਸਾਰਥਕ ਤੇ ਪ੍ਰਾਸੰਗਿਕ ਹੈ। ਗੋਸ਼ਟੀ ਦੇ ਮਾਣਯੋਗ ਡਾਇਰੈਟਰ ਬਾਬਾ ਸੋਹਨ ਸਿੰਘ ਜੀ ਨੇ ਮੈਨੂੰ ਇਸ ਗੋਸ਼ਟੀ ਵਿਚ ਕੁੰਜੀ-ਭਾਸ਼ਣ ਦੇ ਰੂਪ ਵਿਚ ਆਪਣੇ ਵਿਚਾਰ ਰੱਖਣ ਦਾ ਆਦੇਸ਼ ਦਿੱਤਾ ਹੈ ਜਿਸ ਲਈ ਮੈਂ ਉਨ੍ਹਾਂ ਦਾ ਬਹੁਤ ਆਭਾਰੀ ਹਾਂ।

ਵਿਚਾਰ ਗੋਸ਼ਟੀ ਦਾ ਕੇਂਦਰੀ ਸਰੋਕਾਰ, ਜਿਹਾ ਕਿ ਇਸਦੇ ਮੁੱਖ ਵਿਸ਼ੇ ਤੋਂ ਹੀ ਜ਼ਾਹਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬਾਣੀ ਵਿਚ ਪੇਸ਼ ਹੋਏ ਚੇਤਨਾ ਦੇ ਸੰਕਲਪ ਤੇ ਸਰੂਪ ਨੂੰ ਵਿਚਾਰਨਾ ਤੇ ਅੱਜ ਦੇ ਸੰਦਰਭ ਵਿਚ ਉਸਦੀ ਵਿਆਖਿਆ ਕਰਨਾ ਹੈ। ਇਸ ਮੰਤਵ ਲਈ ਚੇਤਨਾ ਦੇ ਸਮੁੱਚੇ ਵਰਤਾਰੇ ਤੇ ਉਸਦੇ ਅਧਿਐਨ ਨਾਲ ਸੰਬੰਧਿਤ ਵਿਸ਼ਵ-ਵਿਆਪੀ ਉਪਰਾਲਿਆਂ ਨੂੰ ਦ੍ਰਿਸ਼ਟੀਗੋਚਰ ਕਰਨਾ ਜ਼ਰੂਰੀ ਜਾਪਦਾ ਹੈ। ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਆਯੋਜਕਾਂ ਵਲੋਂ ਗੋਸ਼ਟੀ ਵਿਚ ਵਿਚਾਰਨ ਵਾਲੇ ਵਿਸ਼ੇ ਨਿਰਧਾਰਿਤ ਕੀਤੇ ਗਏ ਹਨ। ਇਹ ਵਿਸ਼ੇ ਹਨ - ਚੇਤਨਾ ਕੀ ਹੈ?; ਪਦਾਰਥ, ਸਿਮਰਤੀ ਤੇ ਆਤਮ ਦੀ ਏਕਤਾ; ਪ੍ਰਕਿਰਤੀ ਨੂੰ ਸਮਝਣ ਦਾ ਅਰਥ; ਗਿਆਨ ਤੇ ਚੇਤਨਾ; ਨੈਤਿਕਤਾ, ਧਿਆਨ ਅਤੇ ਚੇਤਨਾ ਦਾ ਵਿਕਾਸ; ਗੁਰਮਤਿ ਅਨੁਸਾਰ ਚੇਤਨਾ ਅਤੇ ਮਾਨਸਿਕ ਅਵਸਥਾਵਾਂ; ਚੇਤਨਾ: ਡੂੰਘੀ ਵਿਗਿਆਨਕ ਖੋਜ; ਆਤਮ ਦੀ ਚੇਤਨਾ: ਅਧਿਆਤਮਕ ਸ਼ਾਂਤੀ ਦਾ ਇਕੋ-ਇਕ ਮਾਰਗ; ਚੇਤਨਾ ਦਾ ਰੂਪਾਂਤਰਣ: ਮਾਨਵੀ ਤੋਂ ਦੈਵੀ ਅਵਸਥਾ ਵਲ; ਆਤਮਾ ਦਾ ਰਹੱਸ ਅਤੇ ਚੇਤਨਾ; ਗਿਆਨ, ਚੇਤਨਾ ਅਤੇ ਵਿਸ਼ਵਾਸ਼; ਪਦਾਰਥ ਅਤੇ ਚੇਤਨਾ ਬਾਰੇ ਸਮਝ; ਜੀਵਨ, ਬ੍ਰਹਿਮੰਡ ਅਤੇ ਚੇਤਨਾ; ਕੁਆਂਟਮ ਸੂਚਨਾ ਅਤੇ ਚੇਤਨਾ ਦੇ ਧਰਾਤਲ।

ਚੇਤਨਾ ਦਾ ਅਧਿਐਨ ਤੇ ਵਿਸ਼ਲੇਸ਼ਣ ਕਰਨ ਲਈ ਚੁਣੇ ਗਏ ਇਹ ਵਿਸ਼ੇ ਸਾਧਾਰਨ ਨਹੀਂ ਹਨ। ਇਨ੍ਹਾਂ ਦੇ ਅਧਿਐਨ ਸਰੋਕਾਰ ਬਹੁ-ਆਯਾਮੀ ਤੇ ਵਿਆਪਕ ਹਨ। ਇਨ੍ਹਾਂ ਦਾ ਇਕ ਸਿਰਾ, ਵਿਗਿਆਨਕ ਖੇਤਰ ਵਿਚ ਵਿਕਸਿਤ ਹੋ ਰਹੀਆਂ ਕ੍ਰਾਂਤੀਕਾਰੀ ਅਧਿਐਨ ਵਿਧੀਆਂ ਤੇ ਵਿਸ਼ਲੇਸਣੀ ਤਕਨੀਕਾਂ ਨਾਲ ਸੰਬੰਧਿਤ ਹੈ ਅਤੇ ਦੂਸਰਾ ਸਿਰਾ ਧਰਮ ਤੇ ਦਰਸ਼ਨ ਦੀਆਂ ਅੰਤਰ-ਦ੍ਰਿਸ਼ਟੀਆਂ ਦੁਆਲੇ ਘੁੰਮਦਾ ਹੈ। ਪੂਰਬ ਤੇ ਪੱਛਮ ਦੀ ਗਿਆਨ ਪਰੰਪਰਾ ਨੂੰ ਪਿਛੋਕੜ ਵਿਚ ਰੱਖ ਕੇ, ਚੇਤਨਾ ਦੇ ਹਵਾਲੇ ਨਾਲ, ਗੁਰਮਤਿ ਗਿਆਨ ਦੇ ਮਸਲਿਆਂ ਨੂੰ ਵਿਚਾਰਨ ਵਾਲਾ ਇਹ ਬਹੁ-ਆਯਾਮੀ ਉਪਰਾਲਾ, ਨਿਸ਼ਚੇ ਹੀ, ਇਕ ਲਾਹੇਵੰਦ ਰਚਨਾਤਮਕ ਸੰਵਾਦ ਨੂੰ ਜਨਮ ਦੇਵੇਗਾ ਜੋ ਅੱਜ ਦੇ ਸੰਦਰਭ ਵਿਚ ਬੇਹੱਦ ਜ਼ਰੂਰੀ ਜਾਪਦਾ ਹੈ। ਪਰ ਇਹ ਇਕ ਬਹੁਤ ਵੱਡੀ ਬੌਧਿਕ ਚੁਣੌਤੀ ਵੀ ਹੈ ਜਿਸ ਨਾਲ ਗੋਸ਼ਟੀ ਵਿਚ ਪਰਚਾ ਪੇਸ਼ ਕਰਨ ਵਾਲੇ ਵਿਦਵਾਨਾਂ ਨੂੰ ਹੀ ਨਹੀਂ, ਸੁਹਿਰਦ ਸਰੋਤਿਆਂ ਨੂੰ ਵੀ ਜੂਝਣਾ ਪੈਣਾ ਹੈ।

ਚੇਤਨਾ ਸਾਡੇ ਮਨੋਵਿਹਾਰ ਨਾਲ ਸੰਬੰਧਿਤ ਅਜਿਹਾ ਵਰਤਾਰਾ ਹੈ ਜੋ ਸਾਨੂੰ ਆਪੇ ਦੀ ਸੋਝੀ ਵੀ ਪ੍ਰਦਾਨ ਕਰਦਾ ਹੈ ਤੇ ਚੌਗਿਰਦੇ ਦਾ ਬੋਧ ਵੀ। ਚੇਤਨਾ ਦਾ ਕੋਸ਼-ਅਰਥ ਹੈ ਆਪਣੇ ਆਪ ਬਾਰੇ ਅਤੇ ਆਲੇ ਦੁਆਲੇ ਬਾਰੇ ਸੋਝੀ ਦੀ ਅਵਸਥਾ।[1] ਲੰਮੇ ਸਮੇ ਤੋਂ ਪੂਰਬ ਤੇ ਪੱਛਮ ਦੇ ਵਿਦਵਾਨ ਚੇਤਨਾ ਦੇ ਇਸ ਰਹੱਸਮਈ ਵਰਤਾਰੇ ਦਾ ਭੇਤ ਲੱਭਣ ਲਈ ਜਤਨਸ਼ੀਲ ਰਹੇ ਹਨ। ਇਨ੍ਹਾਂ ਵਿਚ ਦਾਰਸ਼ਨਿਕ ਚਿੰਤਕ ਵੀ ਸ਼ਾਮਿਲ ਹਨ ਤੇ ਵਿਗਿਆਨੀ ਵੀ। ਪਰ ਚੇਤਨਾ ਇਕ ਅਜਿਹਾ ਗੁੰਝਲਦਾਰ ਤੇ ਰਹੱਸਮਈ ਵਰਤਾਰਾ ਹੈ ਜੋ ਥੋੜਾ ਕੀਤੇ ਪਕੜ ਵਿਚ ਨਹੀਂ ਆਉਂਦਾ। ਡੇਨੀਅਲ ਡੈਨਿਟ ਨੇ ਆਪਣੀ ਪੁਸਤਕ "Consciousness Explained" ਵਿਚ ਆਖਿਆ ਹੈ ਕਿ ਮਨੁੱਖੀ ਚੇਤਨਾ ਹੁਣ ਤਕ ਬਚਿਆ ਅਜਿਹਾ ਆਖਰੀ ਰਹੱਸ ਹੈ ਜਿਸ ਬਾਰੇ ਸਾਨੂੰ ਇਹ ਵੀ ਨਹੀਂ ਪਤਾ ਕਿ ਇਸ

---

* *ਸਾਬਕਾ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।*

*ਆਜੀਵਨ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਬਾਰੇ ਸੋਚਿਆ ਕਿਵੇਂ ਜਾਵੇ।[2] ਅਸਲ ਵਿਚ ਵੱਖ-ਵੱਖ ਵਿਦਵਾਨਾਂ ਨੇ ਚੇਤਨਾ ਦੇ ਸੰਕਲਪ ਤੇ ਸਰੂਪ ਨੂੰ ਆਪੋ-ਆਪਣੇ ਦ੍ਰਿਸ਼ਟੀ ਬਿੰਦੂ ਤੋਂ ਪਰਿਭਾਸ਼ਿਤ ਕਰਨ ਦੇ ਬੌਧਿਕ ਉਪਰਾਲੇ ਕੀਤੇ ਹਨ। ਇਹ ਉਪਰਾਲੇ, ਆਪਣੇ ਆਪ ਵਿਚ, ਮੁੱਲਵਾਨ ਵੀ ਹਨ ਤੇ ਮਹੱਵਪੂਰਣ ਵੀ ਪਰ ਤਾਂ ਵੀ ਚੇਤਨਾ ਦੀਆਂ ਅਨੇਕਾਂ ਪਰਤਾਂ ਅੱਜ ਵੀ ਮਨੁੱਖ ਦੀ ਪਕੜ ਤੋਂ ਬਾਹਰ ਹਨ।

ਪੱਛਮ ਵਿਚ ਯੂਨਾਨੀ ਦਾਰਸ਼ਨਿਕਾਂ ਦੇ ਮੁੱਢਲੇ ਉਪਰਾਲਿਆਂ ਤੋਂ ਬਾਦ ਦੇਕਾਰਤ (Descartes) ਤੇ ਲੋਕ (Locke) ਦੇ ਵੇਲੇ ਤੋਂ ਪੱਛਮੀ ਦਾਰਸ਼ਨਿਕ ਚੇਤਨਾ ਦੇ ਸਰੂਪ ਤੇ ਇਸਦੀਆਂ ਮੌਲਿਕ ਵਿਸ਼ੇਸ਼ਤਾਵਾਂ ਦੀ ਪਛਾਣ ਸਥਾਪਿਤ ਕਰਨ ਲਈ ਜੂਝਦੇ ਰਹੇ ਹਨ।[3] ਉਨ੍ਹਾਂ ਦੇ ਸਾਮ੍ਹਣੇ ਮੁੱਖ ਵਿਚਾਰਨਯੋਗ ਮਸਲੇ ਸਨ – ਕੀ ਚੇਤਨਾ ਬਾਰੇ ਪ੍ਰਸ਼ਨ ਉਠਾਉਣਾ ਆਪਣੇ ਆਪ ਵਿਚ ਤਰਕ-ਸੰਗਤ ਹੈ? ਕੀ ਮਕਾਨਕੀ ਢੰਗ ਨਾਲ ਚੇਤਨਾ ਦੀ ਵਿਆਖਿਆ ਕੀਤੀ ਹੈ? ਕੀ ਮਾਨਵੀ ਚੇਤਨਾ ਨਾਲੋਂ ਵੱਖਰੀ, ਕੋਈ ਗ਼ੈਰ-ਮਾਨਵੀ ਚੇਤਨਾ ਵੀ ਹੈ? ਜੇ ਹੈ ਤਾਂ ਉਸਨੂੰ ਕਿਵੇਂ ਪਛਾਣਿਆਂ ਜਾ ਸਕਦਾ ਹੈ? ਚੇਤਨਾ ਦਾ ਭਾਸ਼ਾ ਨਾਲ ਕੀ ਸੰਬੰਧ ਹੈ? ਕੀ ਚੇਤਨਾ ਨੂੰ ਮਾਨਸਿਕਤਾ ਤੇ ਭੌਤਿਕਤਾ ਦੀ ਦਵੈਤ ਤੋਂ ਬਗ਼ੈਰ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ?

ਚੇਤਨਾ ਦੇ ਵਿਗਿਆਨਕ ਅਧਿਐਨ ਦਾ ਇਤਿਹਾਸ ਬਹੁਤਾ ਪੁਰਾਣਾ ਨਹੀਂ। ਲੰਮੇ ਸਮੇਂ ਤਕ ਇਸਨੂੰ ਵਿਗਿਆਨਕ ਚਿੰਤਨ ਦੇ ਘੇਰੇ ਤੋਂ ਬਾਹਰ ਸਮਝਿਆ ਜਾਂਦਾ ਰਿਹਾ। ਮੁੱਖ ਧਾਰਾ ਦੇ ਵਧੇਰੇ ਵਿਗਿਆਨੀ ਚੇਤਨਾ ਦੇ ਵਿਸ਼ੇ ਬਾਰੇ ਖੋਜ ਕਰਨ ਤੋਂ ਕੰਨੀ ਕਤਰਾਉਂਦੇ ਸਨ। ਉਨ੍ਹਾਂ ਦੀ ਆਮ ਧਾਰਣਾ ਇਹ ਸੀ ਚੇਤਨਾ ਵਰਗੇ ਵਿਅਕਤੀਗਤ ਵਰਤਾਰੇ ਦਾ ਵਸਤੂਮੂਲਕ ਤੇ ਪ੍ਰਯੋਗਾਤਮਕ ਵਿਧੀ ਰਾਹੀਂ ਉਚਿਤ ਅਧਿਐਨ ਨਹੀਂ ਕੀਤਾ ਜਾ ਸਕਦਾ।[4] ਪਰ ਪਿਛਲੇ ਕੁਝ ਦਹਾਕਿਆਂ ਦੌਰਾਨ ਆਧੁਨਿਕ ਭੌਤਿਕੀ, ਨਿਊਰੋ-ਸਾਇੰਸ ਤੇ ਕੰਪਿਉਟਰ-ਸਾਇੰਸ ਦੇ ਖੇਤਰਾਂ ਵਿਚ ਹੋਏ ਕ੍ਰਾਂਤੀਕਾਰੀ ਵਿਕਾਸ ਕਾਰਣ ਚੇਤਨਾ ਬਾਰੇ ਵਿਗਿਆਨਕ ਵਤੀਰੇ ਵਿਚ ਡੂੰਘਾ ਪਰਿਵਰਤਨ ਵਾਪਰਿਆ ਹੈ। ਅੱਜ ਚੇਤਨਾ ਦੇ ਅਧਿਐਨ ਦਾ ਵਿਸ਼ਾ ਆਧੁਨਿਕ ਵਿਗਿਆਨ ਲਈ ਕੇਂਦਰੀ ਮਹੱਤਵ ਗ੍ਰਹਿਣ ਕਰ ਗਿਆ ਹੈ। ਆਧੁਨਿਕ ਵਿਗਿਆਨ ਦੇ ਇਸ ਬਦਲੇ ਹੋਏ ਵਤੀਰੇ ਦਾ ਲੇਖਾ-ਜੋਖਾ ਕਰਨਾ ਬਣਦਾ ਹੈ। ਇਸ ਮੰਤਵ ਲਈ ਕੁਆਂਟਮ ਮਕੈਨਿਕਸ ਤੇ ਨਿਊਰੋ-ਸਾਇੰਸ ਦੇ ਰੂਪ ਵਿਚ ਵਿਕਸਿਤ ਹੋਏ ਨਵੇਂ ਅਨੁਸ਼ਾਸਨ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਹਨ।

ਸੱਭ ਤੋਂ ਪਹਿਲਾਂ ਕੁਆਂਟਮ ਮਕੈਨਿਕਸ (quantum mechanics) ਬਾਰੇ ਗੱਲ ਕੀਤੀ ਜਾ ਸਕਦੀ ਹੈ। ਕੁਆਂਟਮ ਦਾ ਕੋਸ਼-ਅਰਥ ਹੈ – ਕਿਸੇ ਚੀਜ਼ ਦੀ, ਖਾਸ ਤੌਰ ਤੇ ਊਰਜਾ ਦੀ, ਛੋਟੀ ਤੋਂ ਛੋਟੀ ਇਕਾਈ।[5] ਕੁਆਂਟਮ ਮਕੈਨਿਕਸ ਭੌਤਿਕੀ (physics) ਦੀ ਉਹ ਸ਼ਾਖਾ ਹੈ ਜਿਸਦੇ ਅੰਤਰਗਤ ਭੌਤਿਕ ਵਰਤਾਰੇ ਦਾ ਅਧਿਐਨ ਮਾਈਕ੍ਰੋਸਕੋਪਿਕ ਪੱਧਰ ਉੱ ਕੀਤਾ ਜਾਂਦਾ ਹੈ।[6] ਇਹ ਊਰਜਾ ਦੇ ਸੱਭ ਤੋਂ ਛੋਟੇ ਤੱਤਾਂ ਅਰਥਾਤ ਅਣੂਆਂ/ਪਰਮਾਣੂਆਂ ਤੇ ਉਨ੍ਹਾਂ ਨਾਲੋਂ ਵੀ ਛੋਟੇਰੇ ਕਣਾਂ ਦੇ ਹਵਾਲੇ ਨਾਲ ਪ੍ਰਕਿਰਤੀ ਦੀ ਵਿਆਖਿਆ ਕਰਦਾ ਹੈ। ਇਸ ਤਰ੍ਹਾਂ ਕੁਆਂਟਮ ਸਿੱਧਾਂਤ ਆਧੁਨਿਕ ਭੌਤਿਕੀ ਦੇ ਖੇਤਰ ਵਿਚ ਵਿਕਸਿਤ ਹੋਇਆ ਉਹ ਸਿਧਾਂਤ ਹੈ ਜਿਸਦੇ ਅੰਤਰਗਤ ਪਦਾਰਥ ਅਤੇ ਊਰਜਾ ਦੇ ਸਰੂਪ ਤੇ ਵਿਹਾਰ ਦਾ ਅਧਿਐਨ ਉਸਦੇ ਬੁਨਿਆਦੀ ਪੱਧਰ ਉੱਤੇ ਕੀਤਾ ਜਾਂਦਾ ਹੈ। ਇਸਨੂੰ ਕੁਆਂਟਮ ਭੌਤਿਕੀ ਜਾਂ ਕੁਆਂਟਮ ਮਕੈਨਿਕਸ ਵੀ ਆਖਿਆ ਜਾਂਦਾ ਹੈ।

ਕੁਆਂਟਮ ਸਿੱਧਾਂਤ ਦੀ ਮੂਲ ਸ਼ਥਾਪਨਾ ਇਹ ਹੈ ਕਿ ਸਮੁੱਚਾ ਵਿਸ਼ਵ ਊਰਜਾ (energy) ਦਾ ਇਕ ਅਸੀਮ ਖੇਤਰ ਹੈ। ਇਸਦੀ ਹੋਂਦ ਊਰਜਾ ਦੇ ਵਿਭਿੰਨ ਰੂਪਾਂ ਉੱਤੇ ਆਧਾਰਿਤ ਹੈ। ਇਸਦੇ ਮੁੱਖ ਰੂਪ ਦੋ ਹਨ - ਕਣ (particles) ਤੇ ਲਹਿਰਾਂ (waves)। ਕਣ ਅਜਿਹੇ ਰੂਪ ਹਨ ਜਿਨ੍ਹਾਂ ਨੂੰ ਸਮੇ-ਸਥਾਨ ਵਿਚ ਦੇਖਿਆ, ਪਰਖਿਆ ਜਾ ਸਕਦਾ ਹੈ। ਇਹ ਸਾਡੇ ਰੋਜ਼ਾਨਾ ਜੀਵਨ ਵਿਚ ਨਜ਼ਰ ਆਉਣ ਵਾਲੀਆਂ ਭੌਤਿਕ ਵਸਤਾਂ ਦਾ ਆਧਾਰ ਹਨ। ਲਹਿਰਾਂ ਊਰਜਾ ਨੂੰ ਸਮੇਂ-ਸਥਾਨ ਵਿਚ ਪ੍ਰਵਾਹਿਤ ਕਰਨ ਵਾਲੇ ਸਖਣੇ ਰੂਪ ਹਨ। ਇਨ੍ਹਾਂ ਦਾ ਕਣਾਂ ਵਾਂਗ ਕੋਈ ਨਿਸ਼ਚਿਤ ਰੂਪ ਨਹੀਂ ਹੁੰਦਾ। ਕੁਆਂਟਮ ਸਿਧਾਂਤ ਕਣਾਂ-ਲਹਿਰਾਂ ਦੇ ਇਸ ਦਵੈਤੀ ਮਾੱਡਲ ਰਾਹੀਂ ਵਿਸ਼ਵ ਦੀ ਰੂਪ-ਰਚਨਾ ਨੂੰ ਸਮਝਣ-ਸਮਝਾਉਣ ਦਾ ਉਪਰਾਲਾ ਕਰਦਾ ਹੈ।

ਇਹ ਨਵਾਂ ਅਨੁਸ਼ਾਨ ਪ੍ਰਕਿਰਤੀ ਦੇ ਭੌਤਿਕ ਵਰਤਾਰੇ ਦੇ ਨਾਲ ਨਾਲ ਮਨੁੱਖੀ ਮਸਤਕ (brain) ਦਾ ਅਧਿਐਨ ਵੀ ਕਰਦਾ ਹੈ। ਇਸਦੇ ਅਨੁਸਾਰ ਮਨੁੱਖੀ ਮਸਤਕ ਇਕ ਅਜਿਹਾ ਜੀਵਾਤਮਕ ਸੰਗਠਨ ਹੈ ਜਿਹੜਾ ਬਿਜਲਈ-ਰਸਾਇਣਕ ਸੰਕੇਤਾਂ (electrochemical signals) ਦੇ ਮਾਧਿਅਮ ਰਾਹੀਂ ਨਿਰੰਤਰ ਸਵੈ ਤੇ ਚੌਗਿਰਦੇ ਨਾਲ ਅੰਤਰ-ਕਿਰਿਆ ਵਿਚ ਰਹਿੰਦਾ ਹੈ। ਇਸ ਪ੍ਰਕਿਰਿਆ ਉੱਪਰ ਕੁਆਂਟਮ ਮਕੈਨਿਕਸ ਦੇ ਨੇਮ ਲਾਗੂ ਹੁੰਦੇ ਹਨ।[7] ਕਿਸੇ ਨਾ ਕਿਸੇ ਰੂਪ ਵਿਚ ਮਸਤਕ ਨਾਲ ਸੰਬੰਧਿਤ ਹੋਣ

ਸਦਕਾ, ਮਨੁੱਖੀ ਚੇਤਨਾ ਵੀ ਇਸਦੇ ਘੇਰੇ ਵਿਚ ਆ ਜਾਂਦੀ ਹੈ। ਮਸਲਾ ਇਹ ਹੈ ਕਿ ਇਸ ਨਵੇਂ ਅਨੁਸ਼ਾਸਨ ਦਾ ਚੇਤਨਾ ਦੇ ਅਧਿਐਨ ਲਈ ਕੀ ਮਹੱਤਵ ਹੈ? ਪਰ ਇਸ ਸਰਲ ਜਿਹੇ ਪ੍ਰਸ਼ਨ ਦਾ ਉੱਤਰ ਬਹੁਤ ਕਠਿਨ ਹੈ। ਇਹ ਠੀਕ ਹੈ ਕਿ ਕੁਆਂਟਮ ਮਕੈਨਿਕਸ ਦੇ ਨੇਮਾਂ ਰਾਹੀ ਚੇਤਨਾ ਦੀ ਪ੍ਰਕਿਰਿਆ ਦਾ ਮਕਾਨਕੀ ਢੰਗ ਨਾਲ ਸੂਖਮ ਅਧਿਐਨ ਕੀਤਾ ਜਾ ਸਕਦਾ ਹੈ ਜਿਸ ਤੋਂ ਲਾਹੇਵੰਦ ਸਿੱਟੇ ਵੀ ਪ੍ਰਾਪਤ ਹੋ ਸਕਦੇ ਹਨ। ਪਰ ਚੇਤਨਾ ਕੀ ਹੈ? ਇਹ ਆਪਣਾ ਵਿਲੱਖਣ ਰੂਪ ਤੇ ਆਕਾਰ ਕਿਵੇਂ ਗ੍ਰਹਿਣ ਕਰਦੀ ਹੈ? ਇਨ੍ਹਾਂ ਮੂਲ ਪ੍ਰਸ਼ਨਾਂ ਦਾ ਤਸੱਲੀਬਖ਼ਸ਼ ਉੱਤਰ ਤਲਾਸ਼ ਕਰਨ ਵਿਚ ਇਹ ਸਿੱਧਾਂਤ ਬਹੁਤੀ ਸਹਾਇਤਾ ਨਹੀਂ ਕਰਦਾ।

ਅਜੋਕੇ ਦੌਰ ਵਿਚ ਚੇਤਨਾ ਦੇ ਵਿਗਿਆਨਕ ਅਧਿਐਨ ਨਾਲ ਸੰਬੰਧਿਤ ਇਕ ਹੋਰ ਨਵਾਂ ਅਨੁਸ਼ਾਸਨ ਹੋਂਦ ਵਿਚ ਆਇਆ ਹੈ ਜਿਸਨੂੰ ਨਿਊਰੋਸਾਇੰਸ (neuroscience) ਆਖਿਆ ਜਾਂਦਾ ਹੈ। ਇਹ ਅੰਤਰ-ਅਨੁਸ਼ਾਸਨੀ ਵਿਗਿਆਨ ਹੈ ਜਿਸਦਾ ਸਰੋਕਾਰ ਮਨੁੱਖ ਦੇ ਤੰਤੂ-ਪ੍ਰਬੰਧ (nervous system) ਦੀ ਸੰਰਚਨਾ ਤੇ ਪ੍ਰਕਾਰਜ ਦਾ ਅਧਿਐਨ ਕਰਨ ਨਾਲ ਹੈ। ਮੂਲਰੂਪ ਵਿਚ ਇਹ ਬਹੁ-ਅਨੁਸ਼ਾਸਨੀ ਵਿਗਿਆਨ ਹੈ ਜਿਸ ਵਿਚ ਸਰੀਰ-ਵਿਗਿਆਨ (physiology), ਅੰਗ-ਵਿਗਿਆਨ (anatomy), ਮਾਲਿਕਿਊਲਰ ਜੀਵ-ਵਿਗਿਆਨ (molecular biology) ਅਤੇ ਮਨੋਵਿਗਿਆਨ ਵਰਗੇ ਹੋਰ ਅਨੁਸ਼ਾਸਨ ਸ਼ਾਮਿਲ ਹਨ। [8]

1980 ਦੇ ਲਾਗੇ-ਚਾਗੇ ਨਿਊਰੋ-ਸਾਇੰਸ ਤੇ ਮਨੋਵਿਗਿਆਨ ਨਾਲ ਸੰਬੰਧਿਤ ਵਿਦਵਾਨਾਂ ਨੇ ਚੇਤਨਾ-ਸੰਬੰਧੀ ਖੋਜ ਨੂੰ, ਇਸਦੀ ਵਧ ਰਹੀ ਮਕਬੂਲੀਅਤ ਸਦਕਾ, ਇਕ ਵੱਖਰੇ ਅਧਿਐਨ ਖੇਤਰ, ਦੇ ਅੰਤਰਗਤ ਰੱਖਕੇ ਵਿਚਾਰਨ ਦਾ ਉਪਰਾਲਾ ਕੀਤਾ। ਇਹ ਖੇਤਰ ਅੱਜ ਚੇਤਨਾ-ਅਧਿਐਨ (Consciousness Studies) ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਇਸ ਅਧਿਐਨ ਖੇਤਰ ਨਾਲ ਜੁੜੇ ਵਿਦਵਾਨਾਂ ਨੇ ਮਹੱਤਵਪੂਰਣ ਖੋਜ-ਕਾਰਜ ਵੀ ਕੀਤਾ ਹੈ ਅਤੇ ਪੁਸਤਕਾਂ ਵੀ ਪ੍ਰਕਾਸ਼ਿਤ ਕੀਤੀਆਂ ਹਨ।[9] ਇਨ੍ਹਾਂ ਜਤਨਾਂ ਸਦਕਾ ਹੀ 'Consciousness and Cognition', 'Frontiers in Consciousness Research', 'Psyche' ਅਤੇ 'Journal of Consciousness Studies' ਵਰਗੇ ਅਨੇਕਾਂ ਮਹੱਵਪੂਰਣ ਰਸਾਲਿਆਂ ਦੀ ਪ੍ਰਕਾਸ਼ਨਾ ਸਾਮ੍ਹਣੇ ਆਈ ਹੈ।

ਨਿਊਰੋ-ਸਾਇੰਸ ਦੀਆਂ ਨਵੀਆਂ ਉਪਲੱਭਦੀਆਂ ਸਦਕਾ ਚੇਤਨਾ ਸੰਬੰਧੀ ਵਿਗਿਆਨਕ ਰਵੱਈਏ ਵਿਚ ਕ੍ਰਾਂਤੀਕਾਰੀ ਪਰਿਵਰਤਨ ਵਾਪਰਿਆ ਹੈ। ਇਸ ਪਰਿਵਰਤਨ ਦੀ ਮੁੱਖ ਵਿਸੇਸ਼ਤਾ ਚੇਤਨਾ ਦੀ ਮਕਾਨਕੀ ਪ੍ਰਕਿਰਿਆ ਦੇ ਨਾਲ ਦ੍ਰਿਸ਼ਟਾ (observer) ਜਾਂ ਚੇਤਨ-ਸੱਤਾ ਦੇ ਸੰਕਲਪ ਨੂੰ ਜੋੜਨਾ ਹੈ। ਪਰੰਪਰਕ ਵਿਗਿਆਨਕ ਸੋਚ ਚੇਤਨਾ ਤੇ ਮਨ ਵਿਚਕਾਰ ਕੋਈ ਨਿਖੇੜਾ ਨਹੀਂ ਸੀ ਕਰਦੀ। ਇਸਦੇ ਅਨੁਸਾਰ ਮਨ ਮਸਤਕ ਦਾ ਪ੍ਰਤਿਬਿੰਬ ਮਾਤਰ ਹੈ ਜੋ ਵਸਤੂ-ਮੂਲਕ ਭੌਤਿਕ ਨੇਮਾਂ ਦੇ ਅਧੀਨ ਕਾਰਜਸ਼ੀਲ ਹੁੰਦਾ ਹੈ। ਦੂਸਰੇ ਸ਼ਬਦਾਂ ਵਿਚ ਮਨ ਦੀ ਮਸਤਕ ਨਾਲੋਂ ਵੱਖਰੀ ਕੋਈ ਹਸਤੀ ਜਾਂ ਹੋਂਦ ਨਹੀਂ। ਨਿਊਰੋ-ਸਾਇੰਸ ਦੀਆਂ ਅੰਤਰ-ਦ੍ਰਿਸ਼ਟੀਆਂ ਪਰੰਪਰਕ ਵਿਗਿਆਨ ਦੀਆਂ ਇਨ੍ਹਾਂ ਸਿੱਕੇ-ਬੰਦ ਧਾਰਣਾਵਾਂ ਨੂੰ ਚੁਣੌਤੀ ਦੇਣ ਵਾਲੀਆਂ ਸਨ। ਇਕ ਤਰ੍ਹਾਂ ਨਾਲ ਇਸ ਨੂੰ ਮਨ ਦੇ ਕਲਾਸੀਕਲ ਦਾਰਸ਼ਨਿਕ ਸੰਕਲਪ ਦੀ ਵਾਪਸੀ ਮੰਨਿਆਂ ਜਾ ਸਕਦਾ ਹੈ। ਆਧੁਨਿਕ ਭੌਤਿਕੀ ਅਤੇ ਕੰਪਿਊਟਰ-ਵਿਗਿਆਨ ਵਰਗੇ ਦੂਸਰੇ ਅਨੁਸ਼ਾਸਨਾਂ ਲਈ ਵੀ ਹੁਣ ਚੇਤਨ ਸੱਤਾ ਜਾਂ ਦ੍ਰਿਸ਼ਟਾ (observer) ਦੇ ਮਸਲੇ ਨੂੰ ਸੰਬੋਧਿਤ ਹੋਣਾ ਲਾਜ਼ਮੀ ਹੋ ਗਿਆ ਹੈ।

ਆਧੁਨਿਕ ਵਿਗਿਆਨਕ ਦ੍ਰਿਸ਼ਟੀਕੋਣ ਅਨੁਸਾਰ ਪ੍ਰਕਿਰਤੀ ਵਿਚ ਵਿਚਰਦੇ ਪ੍ਰਾਣਧਾਰੀ ਜੀਵ ਅਜਿਹੇ ਗਤੀਸ਼ੀਲ ਸੰਗਠਨ ਹਨ ਜੋ ਵਾਤਾਵਰਣ ਨਾਲ ਆਪਣੀ ਅੰਤਰ-ਕਿਰਿਆ ਰਾਹੀਂ ਪਰਿਭਾਸ਼ਿਤ ਹੁੰਦੇ ਹਨ। ਇਨ੍ਹਾਂ ਜੀਵੰਤ ਪ੍ਰਬੰਧਾਂ ਨੂੰ ਜਿਉਂਦੇ ਜਾਗਦੇ ਉਪ-ਪ੍ਰਬੰਧਾਂ ਦੀ ਨਿਰੰਤਰਤਾ ਦੇ ਹਵਾਲੇ ਨਾਲ ਵੀ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। ਦੂਸਰੇ ਪਾਸੇ ਮਸ਼ੀਨ ਹੈ ਜਿਸਦੀ ਸਥਿਤੀ ਬਿਲਕੁਲ ਵੱਖਰੀ ਹੈ। ਮਸ਼ੀਨਾਂ ਤੱਤਾਂ ਦੇ ਅਜਿਹੇ ਨੈੱਟਵਰਕ ਉੱਤੇ ਆਧਾਰਿਤ ਹੁੰਦੀਆਂ ਹਨ ਜੋ ਪੂਰੀ ਤਰ੍ਹਾਂ ਪਰਿਭਾਸ਼ਿਤ ਕੰਪਿਊਟਿੰਗ ਪ੍ਰਕਿਰਿਆ ਸਿਰਜਦੀਆਂ ਹਨ। ਪਰ ਇਹ ਮਸ਼ੀਨਾਂ ਨਿਰੰਤਰ ਦੁਹਰਾਈ ਜਾ ਸਕਣ ਵਾਲੀ ਆਤਮ-ਪਰਿਭਾਸ਼ਾ ਤੋਂ ਸੱਖਣੀਆਂ ਹੁੰਦੀਆਂ ਹਨ। ਪ੍ਰਾਣਧਾਰੀ ਜੀਵ ਅਤੇ ਮਸ਼ੀਨ ਵਿਚ ਇਹੀ ਬੁਨਿਆਦੀ ਅੰਤਰ ਹੈ।

ਜਿਸਨੂੰ ਅਸੀਂ ਚੇਤਨਾ ਆਖਦੇ ਹਾਂ ਉਹ ਅਸਲ ਵਿਚ ਜੀਵਨ ਦੇ ਯਥਾਰਥ ਦਾ ਨਿਜੀ ਅਨੁਭਵ ਤੇ ਬੋਧ ਹੈ। ਇਸਤੋਂ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਸੰਸਾਰ ਦੀ ਹੋਂਦ ਸਾਡੇ ਨਾਲੋਂ ਵੱਖ ਤੇ ਸੁਤੰਤਰ ਹੈ। ਦੱਖਣੀ ਕੈਲੇਫੋਰਨੀਆਂ ਯੂਨੀਵਰਸਿਟੀ ਦਾ ਵਿਦਵਾਨ ਨਿਊਰੋ-ਵਿਗਿਆਨੀ ਡਾ. ਐਨਤੋਨਿਓ ਦਾਮਾਸਿਓ ਆਖਦਾ ਹੈ ਕਿ ਮਨ ਨੂੰ ਯਥਾਰਥ ਦਾ ਬੋਧ ਕੇਵਲ ਸੰਵੇਦਸ਼ੀਲ ਸੂਚਨਾਵਾਂ

ਦੇ ਸੰਕੇਤੀਕਰਨ ਜਾਂ ਇਕੱਤਰੀਕਰਨ ਰਾਹੀਂ ਸੁਤੇ-ਸਿੱਧ ਨਹੀਂ ਹੁੰਦਾ। ਇਸ ਲਈ ਵਿਅਕਤੀਗਤ ਆਪੇ ਜਾਂ ਦ੍ਰਿਸ਼ਟਾ (observer) ਦੀ ਹੋਂਦ ਅਨਿਵਾਰੀ ਹੈ। ਇਹ ਦ੍ਰਿਸ਼ਟਾ, ਦ੍ਰਿਸ਼ਮਾਨ ਨਾਲੋਂ ਵੱਖਰੀ, ਆਪਣੀ ਨਵੇਕਲੀ ਹੋਂਦ ਰੱਖਦਾ ਹੈ।[10]

ਜਦੋਂ ਅਸੀਂ ਆਧੁਨਿਕ ਕੁਆਂਟਮ ਮਕੈਨਿਕਸ ਤੇ ਨਿਊਰੋ-ਸਾਇੰਸ ਦੀਆਂ ਅੰਤਰ-ਦ੍ਰਿਸ਼ਟੀਆਂ ਨੂੰ ਭਾਰਤ ਦੀ ਕਲਾਸੀਕਲ ਗਿਆਨ ਪਰੰਪਰਾ ਦੇ ਅੰਤਟਰਗਤ ਰੱਖ ਕੇ ਵਾਚਦੇ ਹਾਂ ਤਾਂ ਇਨ੍ਹਾਂ ਦੋਹਾਂ ਵਿਚਕਾਰ ਵਿਚਕਾਰ ਹੈਰਾਨੀ ਜਨਕ ਸਮਾਨਤਾ ਦਿਖਾਈ ਦਿੰਦੀ ਹੈ। ਪ੍ਰਾਚੀਨ ਵੈਦਿਕ ਪਰੰਪਰਾ ਅਨੁਸਾਰ ਵਿਅਕਤੀਗਤ ਮਨ ਉਨ੍ਹਾਂ ਪ੍ਰਤਿਬਿੰਬਾਂ ਵਿਚੋਂ ਉੱਭਰਦੇ ਹਨ ਜਿਹੜੇ ਮਸਤਕ ਵਲੋਂ ਪ੍ਰਕਾਸ਼ਮਾਨ ਕਰਨ ਵਾਲੀ ਅੰਤਰ-ਨਿਹਤ ਚੇਤਨਾ ਨੂੰ ਪ੍ਰਦਾਨ ਕੀਤੇ ਜਾਂਦੇ ਹਨ। ਇਸ ਲਈ ਦ੍ਰਿਸ਼ਟਮਾਨ ਦੇ ਬੋਧ-ਅਨੁਭਵਾਂ ਨੂੰ ਦ੍ਰਿਸ਼ਟਾ ਨਾਲੋਂ ਵੱਖ ਕਰ ਕੇ ਦੇਖਿਆ ਜਾ ਸਕਦਾ ਹੈ ਜਿਹੜਾ ਇਨ੍ਹਾਂ ਬੋਧ-ਅਨੁਭਵਾਂ ਨੂੰ ਗ੍ਰਹਿਣ ਕਰਦਾ ਹੈ।

ਵੈਦਿਕ ਵਿਰਸੇ ਦੇ ਗਿਆਨ-ਗ੍ਰੰਥਾਂ ਨੂੰ ਆਮ ਤੌਰ ਤੇ 'ਆਤਮ ਵਿਦਿਆ', 'ਆਤਮ ਦਾ ਵਿਗਿਆਨ' ਜਾਂ 'ਚੇਤਨਾ ਵਿਗਿਆਨ' ਦੇ ਅੰਤਰਗਤ ਰੱਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਸੱਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਹੈ। ਇਸ ਤੋਂ ਬਾਦ ਬ੍ਰਾਹਮਣ-ਗ੍ਰੰਥਾਂ, ਉਪਨਿਸ਼ਦਾਂ ਅਤੇ ਦਰਸ਼ਨ-ਸ਼ਾਸਤਰਾਂ ਦੀ ਰਚਨਾ ਹੋਈ ਜਿਨ੍ਹਾਂ ਆਤਮ-ਤੱਤ, ਮਨ, ਬੁੱਧੀ, ਅੰਤਹਕਰਣ, ਚਿੱਤ ਅਤੇ ਚੇਤਨਾ ਵਰਗੇ ਵਿਸ਼ਿਆਂ ਨੂੰ ਸੂਖਮਤਾ ਨਾਲ ਵਿਚਾਰਿਆ ਗਿਆ ਹੈ। ਦਿਲਚਸਪ ਗੱਲ ਇਹ ਹੈ ਕਿ ਕੁਆਂਟਮ ਸਿਧਾਂਤ ਦੇ ਸਹਿ- ਸਿਰਜਕ ਸ਼ਰੋਡਿੰਗਰ ਨੇ ਵੈਦਿਕ ਪਾਠਾਂ ਤੋਂ ਪ੍ਰੇਰਣਾ ਗ੍ਰਹਿਣ ਕਰਨ ਨੂੰ ਸਵੀਕਾਰ ਕੀਤਾ ਹੈ।

ਵੈਦਿਕ ਪਰੰਪਰਾ ਵਿਚ ਆਤਮ ਤੱਤ ਨੂੰ ਅਨੁਭਵ ਕਰਤਾ ਦੇ ਰੂਪ ਵਿਚ ਸੰਕਲਪਿਆ ਗਿਆ ਹੈ ਜੋ ਮਨਵਿਗਿਆਨਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹੈ। ਇਸ ਦ੍ਰਿਸ਼ਟੀ ਤੋਂ ਗੌਤਮ ਰਿਸ਼ੀ ਨਾਲ ਸੰਬੰਧਿਤ ਨਿਆਇ ਦਰਸ਼ਨ ਦਾ ਹਵਾਲਾ ਦਿੱਤਾ ਜਾ ਸਕਦਾ ਹੈ। ਇਸ ਵਿਚ ਆਤਮਾ, ਸਰੀਰ, ਗਿਆਨ-ਇੰਦਰੀਆਂ ਤੇ ਉਨ੍ਹਾਂ ਦੇ ਵਿਸ਼ਿਆਂ, ਪ੍ਰਤੱਖਣ ਅਤੇ ਮਨ ਦੀ ਪ੍ਰਕਿਰਤੀ ਬਾਰੇ ਸਿਧਾਂਤਕ ਚਿੰਤਨ ਸਾਮ੍ਹਣੇ ਆਉਂਦਾ ਹੈ। ਇਸ ਵਿਚ ਪ੍ਰਤੱਖਣ ਦੀ ਪ੍ਰਕਿਰਿਆ ਦਾ ਸੂਖਮ ਵਿਵੇਚਨ ਕੀਤਾ ਗਿਆ ਹੈ ਜੋ ਚੇਤਨਾ ਦੇ ਅਧਿਐਨ ਲਈ ਬਹੁਤ ਮਹੱਤਵਪੂਰਣ ਹੈ। ਨਿਆਇ ਸੂਤਰ ਅਨੁਸਾਰ ਪ੍ਰਤੱਖਣ ਵਿਚ ਚਾਰ ਤੱਤ ਸ਼ਾਮਿਲ ਹੁੰਦੇ ਹਨ - ਗਿਆਨ ਇੰਦਰੀਆਂ, ਉਨ੍ਹਾਂ ਦੇ ਉਦੇਸ਼, ਇੰਦਰੀਆਂ ਤੇ ਉਦੇਸ਼ਾਂ ਦਾ ਸੰਪਰਕ ਅਤੇ ਇਸ ਸੰਪਰਕ ਤੋਂ ਉਪਜਣ ਵਾਲਾ ਪ੍ਰਤੱਖਣ ਜਾਂ ਗਿਆਨ। ਪੰਜ ਗਿਆਨ ਇੰਦਰੀਆਂ ਹਨ – ਅੱਖਾਂ, ਕੰਨ, ਨੱਕ, ਜੀਭ ਤੇ ਤੁਚਾ। ਇਨ੍ਹਾਂ ਨਾਲ ਪੰਜ ਤੱਤ ਸੰਬੰਧਿਤ ਹਨ – ਪ੍ਰਕਾਸ਼, ਆਕਾਸ਼, ਧਰਤੀ, ਜਲ ਤੇ ਵਾਯੂ। ਇਸ ਤੋਂ ਇਲਾਵਾਂ ਇਨ੍ਹਾਂ ਨਾਲ ਪੰਜ ਗੁਣ ਵੀ ਸੰਬੰਧਿਤ ਹਨ - ਰੰਗ, ਧੁਨੀ, ਗੰਧ, ਸੁਆਦ ਤੇ ਸਪਰਸ਼। ਮਨ ਆਤਮ ਤੇ ਇੰਦਰੀਆਂ ਵਿਚਕਾਰ ਵਿਚੋਲੇ ਦਾ ਕੰਮ ਕਰਦਾ ਹੈ।" [11] ਇਸੇ ਤਰ੍ਹਾਂ ਵੈਸ਼ੇਸ਼ਿਕ ਦਰਸ਼ਨ ਮਾਨਸਿਕਤਾ ਦਾ ਵਰਗੀਕਰਨ ਸਰਬ-ਵਿਆਪਕ ਮਨ ਤੇ ਵਿਅਕਤੀਗਤ ਮਨ ਦੇ ਰੂਪ ਵਿਚ ਕਰਦਾ ਹੈ। ਇਸਦੇ ਅਨੁਸਾਰ ਚੇਤਨ ਕਰਤਾ (ਵਿਅਕਤੀ) ਭੌਤਿਕ ਯਥਾਰਥ ਨਾਲੋਂ ਭਿੰਨ ਹੈ ਪਰ ਤਾਂ ਵੀ ਉਹ ਇਸਦੇ ਵਿਕਾਸ ਨੂੰ ਦਿਸ਼ਾ ਦੇਣ ਦੇ ਸਮਰੱਥ ਹੈ।

ਚੇਤਨਾ ਦੇ ਦਾਰਸ਼ਨਿਕ ਅਧਿਐਨ ਲਈ ਸਾਂਖ ਦਰਸ਼ਨ ਤੇ ਯੋਗ ਦਰਸ਼ਨ ਦੀਆਂ ਅੰਤਰ-ਦ੍ਰਿਸ਼ਟੀਆਂ ਵੀ ਬਹੁਤ ਮਹੱਤਵਪੂਰਣ ਹਨ। ਸਾਂਖ ਦਰਸ਼ਨ ਅਨੁਸਾਰ "ਮਨ ਦੇ ਪੰਜ ਭਾਗ ਹਨ : ਮਾਨਸ, ਅਹੰਕਾਰ, ਚਿੱਤ, ਬੁੱਧੀ ਅਤੇ ਆਤਮਾ। ਮਾਨਸ ਮਨ ਦਾ ਹੇਠਲਾ ਭਾਗ ਹੈ ਜਿਹੜਾ ਇੰਦ੍ਰਿਆਵੀ ਪ੍ਰਭਾਵਾਂ ਨੂੰ ਇਕੱਤਰ ਕਰਦਾ ਹੈ। ਅਹੰਕਾਰ ਅਹੰ ਜਾਂ ਮੈਂ ਦਾ ਬੋਧ ਹੈ ਜਿਹੜਾ ਕੁਝ ਪ੍ਰਤੱਖਣਾਂ ਨੂੰ ਵਿਅਕਤੀਗਤ ਤੇ ਨਿਜੀ ਅਨੁਭਵ ਨਾਲ ਜੋੜਦਾ ਹੈ।" [12] ਪਾਤੰਜਲੀ ਦੇ ਯੋਗ ਸੂਤਰ ਵਿਚ ਮਨੁੱਖੀ ਮਨ ਦੀ ਪ੍ਰਕਿਰਤੀ ਤੇ ਇਸਦੀ ਸਮਰੱਥਾ ਦਾ ਸੂਖਮ ਵਿਵੇਚਨ ਕੀਤਾ ਗਿਆ ਹੈ। ਇਹ ਮਨੁੱਖੀ ਮਨ ਦੇ ਅਧਿਐਨ ਲਈ ਸਿਮਰਤੀ, ਬੋਧ ਅਤੇ ਚੇਤਨਾ ਵਿਚਕਾਰ ਨਿਖੇੜਾ ਕਰਦਾ ਹੈ। ਇਸਤੋਂ ਇਲਾਵਾ ਇਹ, ਆਪਣੀ ਵਿਸ਼ਲੇਸ਼ਣੀ ਦ੍ਰਿਸ਼ਟੀ ਰਾਹੀਂ, ਵਿਭਿੰਨ ਪ੍ਰਕਾਰ ਦੀਆਂ ਮਾਨਸਿਕ ਪ੍ਰਕਿਰਿਆਵਾਂ ਨੂੰ ਪ੍ਰਕਾਸ਼ਮਾਨ ਕਰਦਾ ਹੈ। ਮੀਮਾਂਸਾ ਅਤੇ ਵੇਦਾਂਤ ਦਰਸ਼ਨ ਦੇ ਅੰਤਰਗਤ ਭਾਸ਼ਾ ਤੇ ਯਥਾਰਥ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਭਾਵੇਂ ਇਨ੍ਹਾਂ ਨੇ ਚੇਤਨਾ ਦੇ ਵਿਸ਼ਲੇਸ਼ਣ ਨਾਲ ਸਿੱਧਾ ਸਰੋਕਾਰ ਨਹੀਂ ਜੋੜਿਆ ਪਰ ਤਾਂ ਵੀ ਇਨ੍ਹਾਂ ਵਿਚ ਇਸ ਮਸਲੇ ਬਾਰੇ ਕਈ ਸੂਖਮ ਅੰਤਰ-ਦ੍ਰਿਸ਼ਟੀਆਂ ਮਿਲਦੀਆਂ ਹਨ ਜੋ ਦਾਰਸ਼ਨਿਕ ਦ੍ਰਿਸ਼ਟੀ ਤੋਂ ਬਹੁਤ ਮਹੱਤਵਪੂਰਣ ਹਨ।

ਚੇਤਨਾ ਬਾਰੇ ਆਧੁਨਿਕ ਵਿਗਿਆਨ ਦੇ ਖੋਜ ਉਪਰਾਲਿਆਂ ਅਤੇ ਭਾਰਤੀ ਦਰਸ਼ਨ ਦੀਆਂ ਅੰਤਰ-ਦ੍ਰਿਸ਼ਟੀਆਂ ਬਾਰੇ ਸੰਖੇਪ ਚਰਚਾ ਤੋਂ ਬਾਦ ਅਸੀਂ ਗੋਸ਼ਟੀ ਦੇ ਕੇਂਦਰੀ ਵਿਸ਼ੇ ਵਲ ਪਰਤਦੇ ਹਾਂ। ਗੋਸ਼ਟੀ ਮੁੱਖ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਪੇਸ਼ ਹੋਏ

ਚੇਤਨਾ ਦੇ ਸੰਕਲਪ ਤੇ ਸਰੂਪ ਨੂੰ ਸਪਸ਼ਟ ਕਰਨਾ ਹੈ। ਸਿੱਖ ਵਿਰਸੇ ਦੇ ਇਸ ਪਾਵਨ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਮੱਧਕਾਲੀਨ ਭਾਰਤ ਦੇ ਪ੍ਰਮੁੱਖ ਸੰਤਾਂ, ਭਗਤਾਂ ਤੇ ਸੂਫੀਆਂ ਦੀ ਬਾਣੀ ਵੀ ਸ਼ਾਮਿਲ ਹੈ ਜੋ ਇਸ ਨੂੰ ਅਦੁੱਤੀ ਮਹੱਤਵ ਪ੍ਰਦਾਨ ਕਰਦੀ ਹੈ। ਗੁਰਮਤਿ ਵਿਸ਼ਵ-ਦ੍ਰਿਸ਼ਟੀ ਤੇ ਜੀਵਨ ਜਾਚ ਦੀ ਪ੍ਰਤਿਨਿਦਤਾ ਕਰਨ ਵਾਲੇ ਇਸ ਪਾਵਨ ਗ੍ਰੰਥ ਦੀ ਮੁੱਢਲੀ ਵਿਸ਼ੇਸ਼ਤਾ ਇਹ ਹੈ ਕਿ ਇਸਦਾ ਪ੍ਰਵਚਨ ਸ਼ਾਇਰੀ ਤੇ ਸੰਗੀਤ ਦੇ ਮਾਧਿਅਮ ਰਾਹੀਂ ਪਾਠਕ/ਸਰੋਤੇ ਨੂੰ ਸੰਬੋਧਿਤ ਹੁੰਦਾ ਹੈ ਅਤੇ ਮਾਨਵੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਂਦਾ ਹੈ। ਇਸਦੇ ਸਰੋਕਾਰ ਤਾਂ ਭਾਵੇਂ ਦਾਰਸ਼ਨਿਕ ਹਨ ਪਰ ਇਹ ਦਰਸ਼ਨ-ਸ਼ਾਸਤਰ ਦੀ ਸੂਤਰ ਸ਼ੈਲੀ ਵਿਚ ਵਿਚਾਰਾਂ ਤੇ ਸੰਕਲਪਾਂ ਦਾ ਸੰਗਠਨ ਨਹੀਂ ਉਸਾਰਦਾ ਸਗੋਂ ਧਾਰਮਿਕ ਅਨੁਭਵ ਤੇ ਬੋਧ ਦਾ ਕਾਵਿਕ ਪ੍ਰਗਟਾਵਾ ਕਰਨ ਵਲ ਰੁਚਿਤ ਹੰਦਾ ਹੈ। ਦੂਸਰੇ ਸ਼ਬਦਾਂ ਵਿਚ, ਦਾਰਸ਼ਨਿਕ ਵਿਚਾਰਾਂ ਦਾ ਕਾਵਿਕ ਪ੍ਰਗਟਾਵਾ ਇਸਦੀ ਪ੍ਰਵਚਨਗਤ ਵਿਸ਼ੇਸ਼ਤਾ ਹੈ।[13] ਇਸ ਵਿਚ ਪੇਸ਼ ਹੋਏ ਚੇਤਨਾ ਦੇ ਸੰਕਲਪ ਦਾ ਅਧਿਐਨ ਕਰਨ ਸਮੇਂ ਇਸ ਪ੍ਰਵਚਨਗਤ ਵਿਸ਼ੇਸ਼ਤਾ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ, ਚੇਤਨਾ ਸ਼ਬਦ ਦੀ ਵਰਤੋਂ ਸਿਰਫ਼ ਇਕ ਵਾਰ ਹੋਈ ਹੈ - "ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥" (*ਗੁਰੂ ਗ੍ਰੰਥ ਸਾਹਿਬ,* 726.) ਇੱਥੇ ਮਨੁੱਖ ਵਿਅਕਤੀ (ਪ੍ਰਾਣੀ) ਨੂੰ, ਸਮਾ ਰਹਿੰਦਿਆਂ, ਜੀਵਨ ਦੀ ਸਾਰਥਕਤਾ ਬਾਰੇ ਸੁਚੇਤ ਹੋਣ ਦਾ ਨਿਰਦੇਸ਼ ਹੈ। ਚੇਤਨਾ ਦੀ ਜਿਸ ਅਵਸਥਾ ਵਲ ਇੱਥੇ ਸੰਕੇਤ ਕੀਤਾ ਗਿਆ ਹੈ ਉਹ ਆਲ-ਦੁਆਲੇ ਦੀ ਸਾਧਾਰਣ ਸੋਝੀ ਨਹੀਂ ਸਗੋਂ ਜੀਵਨ ਦੇ ਅੰਤਿਮ ਅਰਥਾਂ ਦੀ ਸੋਝੀ ਹੈ ਜੋ ਅਧਿਆਤਮਕ ਜਾਗ੍ਰਿਤੀ ਦੀ ਲਖਾਇਕ ਹੈ। ਗੁਰਬਾਣੀ ਵਿਚ ਚੇਤਨਾ ਲਈ ਵਧੇਰੇ ਸੁਰਿਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ ਜਿਸਦਾ ਮੁੱਢਲਾ ਅਰਥ ਹੈ - ਆਪੇ ਤੇ ਆਲ-ਦੁਆਲੇ ਦੀ ਸੋਝੀ । ਇਹ ਪ੍ਰਕਿਰਤੀ ਵਿਚ ਵਿਚਰਦੇ ਸਮੂਹ ਜੀਵਾਂ ਨੂੰ ਸਿਰਜਣਹਾਰ ਵਲੋਂ ਮਿਲੀ ਹੋਈ ਦਾਤ ਹੈ :

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥
ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥( *ਗੁਰੂ ਗ੍ਰੰਥ ਸਾਹਿਬ,* 24-25.)

ਅਰਥਾਤ ਸੰਸਾਰ ਦੇ ਸਮੂਹ ਜੀਵਾਂ ਵਿਚ ਇਕ ਸੁਰਿਤ (ਚੇਤਨਾ) ਦਾ ਨਿਵਾਸ ਹੈ। ਕੋਈ ਵੀ ਇਸਤੋਂ ਸਖਣਾ ਨਹੀਂ। ਕਿਸੇ ਜੀਵ ਨੂੰ ਜਿਹੋ ਜਿਹੀ ਸੁਰਿਤ ਮਿਲੀ ਹੈ ਓਸੇ ਅਨੁਸਾਰ ਉਹ ਆਪਣਾ ਮਾਰਗ ਚੁਣਦਾ ਹੈ। ਇਸੇ ਤਰ੍ਹਾਂ ਦੀ ਸਥਿਤੀ ਦਾ ਵਰਣਨ ਇਕ ਹੋਰ ਸਥਾਨ ਤੇ ਵੀ ਕੀਤਾ ਗਿਆ ਹੈ – "ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥ ਜੇ ਵਡਿਆਈਆ ਆਪੇ ਖਾਇ ॥ ਜੇਹੀ ਸੁਰਤਿ ਤੇਹੈ ਰਾਹਿ ਜਾਇ ॥੩॥"(*ਗੁਰੂ ਗ੍ਰੰਥ ਸਾਹਿਬ,* 662.) ਇਸ ਤਰ੍ਹਾਂ ਸੁਰਤਿ ਨਿਰੋਲ ਵਸਤੂ ਜਗਤ ਦੇ ਬੋਧ ਦਾ ਮਾਧਿਅਮ ਨਹੀਂ ਰਹਿੰਦੀ ਸਗੋਂ ਜੀਵਨ ਮਾਰਗ ਦਾ ਆਧਾਰ ਵੀ ਬਣ ਜਾਂਦੀ ਹੈ।

ਗੁਰਬਾਣੀ ਦੇ ਪ੍ਰਵਚਨ-ਸੰਸਾਰ ਵਿਚ ਪ੍ਰਵੇਸ਼ ਕਰਕੇ ਚੇਤਨਾ ਦੇ ਮੁੱਢਲੇ ਅਰਥਾਂ ਦਾ ਰੂਪਾਂਤਰਣ ਹੋ ਜਾਂਦਾ ਹੈ। ਇਹੀ ਸਥਿਤੀ ਮਨੁੱਖੀ ਮਨੋ-ਵਿਹਾਰ ਨਾਲ ਸੰਬੰਧਿਤ ਹੋਰਨਾਂ ਸ਼ਬਦਾਂ ਤੇ ਸੰਕਲਪਾਂ ਦੇ ਸੰਦਰਭ ਵਿਚ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਲ ਵਿਚ ਯਥਾਰਥ ਨੂੰ ਪਰਮਾਰਥ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਨ ਦੀ ਇਹ ਜੁਗਤ ਗੁਰਬਾਣੀ ਦੇ ਪ੍ਰਵਚਨ ਦੀ ਮੌਲਿਕ ਵਿਸ਼ੇਸ਼ਤਾ ਹੈ। ਗੁਰਬਾਣੀ ਅਨੁਸਾਰ ਇਸ ਕਿਸਮ ਦੀ ਰੂਪਾਂਤਰਕਾਰੀ ਚੇਤਨਾ ਅਤੇ ਉਸਦੀ ਅਗਵਾਈ ਕਰਨ ਵਾਲੀਆਂ ਸਮੂਹ ਮਾਨਸਿਕ ਸ਼ਕਤੀਆਂ ਦੀ ਪ੍ਰਾਪਤੀ ਲਈ ਸਾਧਨਾ ਲੋੜੀਂਦੀ ਹੈ। ਇਸ ਗੱਲ ਦਾ ਖੂਬਸੂਰਤ ਪ੍ਰਗਟਾਵਾ 'ਜਪੁ ਜੀ' ਦੀਆਂ ਇਨ੍ਹਾਂ ਪੰਗਤੀਆਂ ਵਿਚ ਮਿਲਦਾ ਹੈ :

ਸਰਮ ਖੰਡ ਕੀ ਬਾਣੀ ਰੂਪੁ ॥ ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥ ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ **ਸੁਰਤਿ ਮਤਿ ਮਨਿ ਬੁਧਿ** ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥
( *ਗੁਰੂ ਗ੍ਰੰਥ ਸਾਹਿਬ,* 8.)

ਸਰਮ ਖੰਡ, ਜਪੁ ਜੀ ਵਿਚ ਵਰਣਿਤ ਅਧਿਆਤਮਕ ਵਿਕਾਸ ਦੇ ਪੰਜ ਖੰਡਾਂ [14] ਵਿਚੋਂ, ਤੀਸਰਾ ਖੰਡ ਹੈ। ਇਹ ਉਹ ਖੰਡ ਹੈ ਜਿੱਥੇ ਸੁਰਤਿ, ਮਤਿ, ਮਨ ਅਤੇ ਬੁਧਿ ਨੂੰ ਘੜਿਆ ਜਾਂਦਾ ਹੈ। ਅਰਥਾਤ ਕੁਦਰਤ ਵਲੋਂ ਜਨਮਜਾਤ ਰੂਪ ਵਿਚ ਮਿਲੀਆਂ ਇਨ੍ਹਾਂ

ਮਾਨਸਿਕ ਸ਼ਕਤੀਆਂ ਨੂੰ ਅਧਿਆਤਮਕ ਸਾਧਨਾ ਰਾਹੀਂ ਨਵਾਂ ਰੂਪ ਪ੍ਰਦਾਨ ਕੀਤ ਜਾਂਦਾ ਹੈ। ਸਰਮ (ਸੰਸਕ੍ਰਿਤ- ਸ਼੍ਰਮ) ਦਾ ਕੋਸ਼-ਅਰਥ ਹੈ ਮਿਹਨਤ ਜਾਂ ਮੁਸ਼ਕਤ। ਪ੍ਰਤੀਕਾਤਮਕ ਅਰਥਾਂ ਵਿਚ ਇਹ ਮਿਹਨਤ ਜਾਂ ਮੁਸ਼ਕਤ ਅਧਿਆਤਮ-ਸਾਧਨਾ ਦੀ ਲਖਾਇਕ ਹੈ ਜੋ ਮਨੁੱਖੀ ਮਨ ਅਤੇ ਉਸਦੀਆਂ ਸਮੂਹ ਪ੍ਰਵਿਰਤੀਆਂ ਨੂੰ ਸੰਜਮ ਵਿਚ ਰੱਖਦੀ ਹੈ।

ਗੁਰਬਾਣੀ ਦਾ ਮੂਲ ਸਰੋਕਾਰ 'ਸੁਰਤਿ' ਜਾਂ ਚੇਤਨਾ ਨੂੰ ਇਕ ਸੰਕਲਪ ਦੇ ਤੌਰ ਤੇ ਪਰਿਭਾਸ਼ਿਤ ਜਾਂ ਪੁਨਰ-ਪਰਿਭਾਸ਼ਿਤ ਕਰਨਾ ਨਹੀਂ ਸਗੋਂ ਇਸਨੂੰ ਅਧਿਆਤਮਕ ਪ੍ਰਾਪਤੀ ਦਾ ਮਾਧਿਅਮ ਬਣਾਉਣਾ ਹੈ। ਇਸ ਮੰਤਵ ਲਈ 'ਸੁਰਤਿ' ਸ਼ਬਦ ਦੇ ਨਾਲ ਗੁਰਮਤਿ ਜੀਵਨ ਜਾਚ ਦੇ ਸੰਕਲਪੀ ਸ਼ਬਦ ਜੋੜ ਕੇ 'ਸਬਦ ਸੁਰਤਿ', 'ਬਾਣੀ ਸੁਰਤਿ', 'ਸਚ ਸੁਰਤਿ' ਅਤੇ 'ਸੇਵਾ ਸੁਰਤਿ' ਵਰਗੇ ਨਵੇਂ ਸਮਾਸੀ ਸ਼ਬਦਾਂ ਦੀ ਸਿਰਜਣਾ ਕੀਤੀ ਗਈ ਹੈ। ਸੁਰਤਿ ਦੇ ਸਾਧਾਰਨ ਅਰਥਾਂ ਨੂੰ ਗੁਰਮਤਿ ਗਿਆਨ ਦੇ ਅੰਤਰਗਤ ਵਿਸਤਾਰਨ ਦਾ ਇਹ ਅਨੋਖਾ ਪ੍ਰਯੋਗਸ਼ੀਲ ਉਪਰਾਲਾ ਹੈ ਜਿਸਦੀਆਂ ਗੁਰਬਾਣੀ ਵਿਚ ਅਨੇਕਾਂ ਮਿਸਾਲਾਂ ਮਿਲ ਜਾਂਦੀਆਂ ਹਨ। ਮਿਸਾਲ ਵਜੋਂ ਕੁਝ ਪੰਗਤੀਆਂ ਪੇਸ਼ ਹਨ:

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ ॥ **ਸਬਦ ਸੁਰਤਿ** ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ ॥
ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ (*ਗੁਰੂ ਗ੍ਰੰਥ ਸਾਹਿਬ,* 62.)
**ਸੁਰਤਿ ਸਬਦਿ** ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥ (*ਗੁਰੂ ਗ੍ਰੰਥ ਸਾਹਿਬ,* 938)
ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥
**ਬਾਣੀ ਸੁਰਤਿ** ਨ ਬੁਝਨੀ ਸਬਦਿ ਨ ਕਰਹਿ ਪ੍ਰਗਾਸੁ ॥ (*ਗੁਰੂ ਗ੍ਰੰਥ ਸਾਹਿਬ,* 1415)
ਲੇਖ ਅਸੰਖ ਲਿਖਿ ਲਿਖਿ ਮਾਨੁ ॥ ਮਨਿ ਮਾਨਿਐ **ਸਚੁ ਸੁਰਤਿ**
ਵਖਾਨੁ ॥ ਕਥਨੀ ਬਦਨੀ ਪੜਿ ਪੜਿ ਭਾਰੁ ॥ ਲੇਖ ਅਸੰਖ ਅਲੇਖੁ ਅਪਾਰੁ ॥੧॥
ਐਸਾ ਸਾਚਾ ਤੂੰ ਏਕੋ ਜਾਣੁ ॥ ਜੰਮਣੁ ਮਰਣਾ ਹੁਕਮੁ ਪਛਾਣੁ ॥੧॥ ਰਹਾਉ ॥(*ਗੁਰੂ ਗ੍ਰੰਥ ਸਾਹਿਬ,* 412)
**ਸੇਵਾ ਸੁਰਤਿ** ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥ (*ਗੁਰੂ ਗ੍ਰੰਥ ਸਾਹਿਬ,* 110)
**ਸੇਵਾ ਸੁਰਤਿ** ਭਗਤਿ ਇਹ ਸਾਚੀ ਵਿਚਹੁ ਆਪੁ ਗਵਾਈਐ ॥ ਹਮ ਮਤਿ ਹੀਣ ਮੂਰਖ ਮੁਗਧ
ਅੰਧੇ ਸਤਿਗੁਰਿ ਮਾਰਗਿ ਪਾਏ ॥ (*ਗੁਰੂ ਗ੍ਰੰਥ ਸਾਹਿਬ,* 246)
**ਸੇਵਾ ਸੁਰਤਿ** ਸਬਦਿ ਵੀਚਾਰਿ ॥ ਜਪੁ ਤਪੁ ਸੰਜਮੁ ਹਉਮੈ ਮਾਰਿ ॥
ਜੀਵਨ ਮੁਕਤੁ ਜਾ ਸਬਦੁ ਸੁਣਾਏ ॥ ਸਚੀ ਰਹਤ ਸਚਾ ਸੁਖੁ ਪਾਏ ॥੭॥(*ਗੁਰੂ ਗ੍ਰੰਥ ਸਾਹਿਬ,* 1343)

ਸੁਰਤਿ ਨੂੰ ਸ਼ਬਦ ਨਾਲ, ਬਾਣੀ ਨਾਲ ਤੇ ਸੱਚ ਨਾਲ ਜੋੜਨ ਦਾ ਅਰਥ ਹੈ ਸੁਰਿਤ ਨੂੰ ਅਧਿਆਤਮਕ ਜਾਗ੍ਰਿਤੀ ਦੇ ਰਾਹ ਤੋਰਨਾ। ਸਾਧਾਰਣ ਅਰਥਾਂ ਵਿਚ 'ਸਬਦ' ਅਤੇ 'ਬਾਣੀ' ਭਾਸ਼ਾਈ ਸੰਚਾਰ ਨਾਲ ਸੰਬੰਧਿਤ ਸ਼ਬਦ ਹਨ ਅਤੇ ਸੱਚ ਇਨ੍ਹਾਂ ਰਾਹੀਂ ਪ੍ਰਾਪਤ ਹੋਣ ਵਾਲੇ ਗਿਆਨ ਦਾ ਲਖਾਇਕ ਹੈ। ਸ਼ਬਦ ਭਾਸ਼ਾ ਦੀ ਛੋਟੀ ਤੋਂ ਛੋਟੀ ਸਾਰਥਕ ਇਕਾਈ ਹੈ ਤੇ ਬਾਣੀ ਭਾਸ਼ਾ ਦੀ ਵਿਹਾਰਕ ਵਰਤੋਂ। ਹਰ ਤਰ੍ਹਾਂ ਦਾ ਗਿਆਨ ਸ਼ਬਦ (ਅਤੇ ਬਾਣੀ) ਦੇ ਮਾਧਿਅਮ ਰਾਹੀਂ ਸਿਰਜਿਆ ਤੇ ਸੰਚਾਰਿਆ ਜਾਂਦਾ ਹੈ। ਪਰ ਗੁਰਬਾਣੀ ਜਿਸ ਗਿਆਨ ਦੀ ਗੱਲ ਕਰਦੀ ਹੈ ਉਹ ਰੋਜ਼ਾਨਾ ਜੀਵਨ ਵਿਚ ਕੰਮ ਆਉਣ ਵਾਲਾ ਨਿਰੋਲ ਉਪਯੋਗੀ ਗਿਆਨ ਨਹੀਂ ਸਗੋਂ ਪਰਮ ਸੱਚ ਦੀ ਚੇਤਨਾ ਜਗਾਉਣ ਵਾਲਾ ਮੁਕਤੀ-ਦਾਇਕ ਗਿਆਨ ਹੈ। ਇਸ ਤਰ੍ਹਾਂ ਸਬਦ ਸੁਰਿਤ, ਬਾਣੀ ਸੁਰਿਤ ਤੇ ਸਚ ਸੁਰਿਤ ਪਰਮ ਗਿਆਨ ਦੀ ਪ੍ਰਾਪਤੀ ਤੇ ਸੋਝੀ ਵਲ ਸੰਕੇਤ ਕਰਨ ਵਾਲੇ ਸੰਕਲਪ ਮੰਨੇ ਜਾ ਸਕਦੇ ਹਨ।

ਚੇਤਨਾ (ਸੁਰਿਤ) ਦੀ ਅਗਵਾਈ ਕਰਨ ਵਾਲੀ ਮਾਨਸਿਕ ਸ਼ਕਤੀ ਬੁਧਿ (intellect) ਹੈ ਜੋ ਵਿਵੇਕ ਪੂਰਣ ਢੰਗ ਨਾਲ ਚੰਗੇ-ਮਾੜੇ, ਠੀਕ-ਗ਼ਲਤ ਅਤੇ ਉਚਿਤ-ਅਨੁਚਿਤ ਦਾ ਨਿਰਣਾ ਕਰਦੀ ਹੈ। ਇਹ ਮਨੁੱਖੀ ਸਮਝ ਅਤੇ ਸੂਝ ਦੀ ਸਰਬੋਤਮ ਪ੍ਰਾਪਤੀ ਮੰਨੀ ਗਈ ਹੈ। ਭਾਰਤੀ ਪਰੰਪਰਾ ਅਨੁਸਾਰ ਬੁਧਿ (ਜਾਂ ਮਤਿ) ਅੰਤਹਕਰਣ ਦੀਆਂ ਚਾਰ ਪ੍ਰਮੁੱਖ ਪ੍ਰਵਿਰਤੀਆਂ ਵਿਚੋਂ ਇਕ ਹੈ।[15]

ਗੁਰਬਾਣੀ ਦੇ ਪ੍ਰਵਚਨ ਵਿਚ ਬੁਧਿ ਨੂੰ ਉਚਿਤ-ਅਨੁਚਿਤ ਦਾ ਨਿਖੇੜਾ ਕਰਨ ਵਾਲੀ ਵਿਵੇਕ ਦ੍ਰਿਸ਼ਟੀ (ਬਿਬੇਕ ਬੁਧਿ) ਨਾਲ ਜੋੜ ਕੇ ਨਾਲ ਜੋੜ ਕੇ ਦੇਖਿਆ ਗਿਆ ਹੈ। ਪ੍ਰਮਾਣ ਵਜੋਂ ਗੁਰਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ :

ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ **ਬੁਧਿ ਬਿਬੇਕਾ** ॥ ਰਹਾਉ ॥(641)

**ਬਿਬੇਕ ਬੁਧਿ** ਸਤਿਗੁਰ ਤੇ ਪਾਈ ਗੁਰ ਗਿਆਨੁ ਗੁਰੂ ਪ੍ਰਭ ਕੇਰਾ ॥
ਜਨ ਨਾਨਕ ਨਾਮੁ ਗੁਰੂ ਤੇ ਪਾਇਆ ਧੁਰਿ ਮਸਤਕਿ ਭਾਗੁ ਲਿਖੇਰਾ ॥੪॥੧॥(711)

ਗੁਰਮੁਖਿ ਗਿਆਨੁ **ਬਿਬੇਕ ਬੁਧਿ** ਹੋਇ ॥ ਹਰਿ ਗੁਣ ਗਾਵੈ ਹਿਰਦੈ ਹਾਰੁ ਪਰੋਇ ॥(317)

ਸਤਸੰਗਤਿ ਮਿਲਿ **ਬਿਬੇਕ ਬੁਧਿ** ਹੋਈ ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥੩॥(481)

ਨਾਮੁ ਏਕੁ ਅਧਾਰੁ ਭਗਤਾ ਈਤ ਆਗੈ ਟੇਕ ॥
ਕਰਿ ਕ੍ਰਿਪਾ ਗੋਬਿੰਦ ਦੀਆ ਗੁਰ ਗਿਆਨੁ **ਬੁਧਿ ਬਿਬੇਕ** ॥੧॥(501)

ਇਨ੍ਹਾਂ ਪੰਗਤੀਆਂ ਵਿਚ ਅਧਿਆਤਮਕ ਮਾਰਗ ਤੇ ਤੁਰਨ ਵਾਲੇ ਸਾਧਕ ਵਲੋਂ ਆਪਣੇ ਗੁਰੂ ਪਾਸੋਂ ਵਿਵੇਕ ਬੁਧਿ ਦੀ ਮੰਗ ਕੀਤੀ ਗਈ ਹੈ ਜੋ ਉਸਨੂੰ ਚੰਗੇ-ਮਾੜੇ ਤੇ ਉਚਿਤ-ਅਨੁਚਿਤ ਵਿਚਕਾਰ ਨਿਖੇੜਾ ਕਰਨ ਦੇ ਸਮਰੱਥ ਬਣਾਉਨਦੀ ਹੈ। ਇਸ ਤਰ੍ਹਾਂ ਬਿਬੇਕ ਬੁਧਿ ਦਾ ਇਹ ਸੰਕਲਪ ਸਾਧਾਰਣ ਕਿਸਮ ਦੀ ਉਪਯੋਗੀ ਬੌਧਿਕਤਾ ਨਾਲੋਂ ਵੱਖਰਾ ਹੋ ਨਿਬੜਦਾ ਹੈ। ਬਾਣੀਕਾਰਾਂ ਨੇ ਆਪਣੇ ਪ੍ਰਵਚਨ ਵਿਚ ਬੁਧਿ ਦੇ ਸਮਾਨਾਰਥਕ ਸ਼ਬਦ ਮਤਿ ਦੀ ਵਰਤੋਂ ਵੀ ਇਸੇ ਸੰਦਰਭ ਵਿਚ ਕੀਤੀ ਹੈ :

ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥
ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ **ਸੁਮਤਿ** ਦੇਹੁ ਸਮਝਾਇ ॥੨॥(346)

ਪੂਰੈ ਗੁਰਿ ਸਮਝਾਇਆ **ਮਤਿ ਊਤਮ** ਹੋਈ ॥
ਅੰਤਰੁ ਸੀਤਲੁ ਸਾਂਤਿ ਹੋਇ ਨਾਮੇ ਸੁਖੁ ਹੋਈ ॥੬॥(424)

**ਸਤਿਗੁਰ ਕੀ ਜਿਸ ਨੋ ਮਤਿ ਆਵੈ** ਸੋ ਸਤਿਗੁਰ ਮਾਹਿ ਸਮਾਨਾ ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥(797)

ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ ॥
ਅਨਦਿਨੁ ਹਰਿ ਹਰਿ ਨਾਮੁ ਧਿਆਵਹੁ **ਗੁਰ ਸਤਿਗੁਰ ਕੀ ਮਤਿ ਲੈਨੀ** ॥੩॥(800)

ਸਤਿਗੁਰ ਮਿਲਿਐ **ਮਤਿ ਊਤਮ** ਹੋਇ ॥ ਮਨੁ ਨਿਰਮਲੁ ਹਉਮੈ ਕਢੈ ਧੋਇ ॥(1188)

ਇਨ੍ਹਾਂ ਪੰਗਤੀਆਂ ਵਿਚ ਵੀ ਗੱਲ ਸਿਰਫ ਸਾਧਾਰਣ ਮਤਿ ਦੀ ਨਹੀਂ ਕੀਤੀ ਗਈ ਸਗੋਂ ਸਤਿਗੁਰੂ ਪਾਸੋਂ ਪ੍ਰਾਪਤ ਹੋਣ ਵਾਲੀ 'ਸੁਮਤਿ' ਜਾਂ 'ਉਤਮ ਮਤਿ' ਦੀ ਕੀਤੀ ਗਈ ਹੈ ਜੋ ਸਾਰੇ ਭਰਮ ਭੁਲੇਖੇ ਦੂਰ ਕਰਕੇ ਮਨ ਵਿਚ ਸ਼ਾਂਤੀ ਦਾ ਸੰਚਾਰ ਕਰਦੀ ਹੈ। ਮਨ ਦੀ ਮਤਿ ਨੂੰ ਤਿਆਗ ਕੇ ਸਤਿਗੁਰੂ ਦੀ ਮਤਿ ਨੂੰ ਗ੍ਰਹਿਣ ਕਰਨ ਵਾਲਾ ਵਿਅਕਤੀ ਹੀ ਮੁਕਤੀਦਾਇਕ ਪਰਮ ਗਿਆਨ ਦਾ ਅਧਿਕਾਰੀ ਬਣਦਾ ਹੈ।

ਚੇਤਨਾ ਨਾਲ ਸੰਬੰਧਿਤ ਮਨੁੱਖੀ ਵਿਹਾਰ ਦੇ ਅਗਲੇਰੇ ਮਹੱਤਵਪੂਰਣ ਪਾਸਾਰ ਹਨ - ਮਨ, ਚਿੱਤ ਤੇ ਅਹੰਕਾਰ। ਭਾਰਤੀ ਪਰੰਪਰਾ ਅਨੁਸਾਰ ਇਹ ਅੰਤਹਕਰਣ ਦੇ ਅੰਗ ਹਨ। ਮਨ ਦਾ ਸੰਬੰਧ ਚਿੰਤਨ (ਸੰਕਲਪ-ਵਿਕਲਪ ਦੀ ਸ਼ਕਤੀ) ਨਾਲ, ਚਿੱਤ ਦਾ ਸੰਬੰਧ ਚੇਤੇ (ਯਾਦ-ਸ਼ਕਤੀ) ਨਾਲ ਅਤੇ ਅਹੰਕਾਰ ਦਾ ਸੰਬੰਧ ਮਮਤਾ (ਹਉਮੈ ਦੀ ਭਾਵਨਾ) ਨਾਲ ਮਿਥਿਆ ਗਿਆ ਹੈ।[16] ਪੱਛਮੀ ਪਰੰਪਰਾ ਇਸ ਵਰਗ ਵੰਡ ਦਾ ਅਨੁਸਰਣ ਨਹੀਂ ਕਰਦੀ। ਇਹ ਮਨ ਨੂੰ ਵਿਅਕਤੀਗਤ ਚੇਤਨਾ ਦਾ ਕੇਂਦਰ ਮੰਨਦੀ ਹੈ। ਇਸਦਾ ਸੰਬੰਧ ਮਸਤਕ ਦੀ ਉਸ ਸਮਰੱਥਾ ਨਾਲ ਹੈ ਜੋ ਮਨੁੱਖ ਨੂੰ ਚਿੰਤਨ-ਸ਼ਕਤੀ, ਯਾਦ-ਸ਼ਕਤੀ, ਨਿਰਨੈ-ਸ਼ਕਤੀ, ਪ੍ਰਤੱਖਣ-ਸ਼ਕਤੀ ਤੇ ਇਕਾਗਰ ਵਿਹਾਰ ਦੇ ਯੋਗ ਬਣਾਉਂਦੀ ਹੈ।[17] ਸਾਡਾ ਸਰੋਕਾਰ ਮੁੱਖ ਤੌਰ ਤੇ ਗੁਰਬਾਣੀ ਵਿਚ ਪੇਸ਼ ਹੋਏ ਮਨ ਦੇ ਸੰਕਲਪ ਨਾਲ ਹੈ ਜੋ ਇਸ ਵਿਚ ਕੇਂਦਰੀ ਮਹੱਤਵ ਰੱਖਦਾ ਹੈ। ਮਨ ਦੀ ਪ੍ਰਕਿਰਤੀ ਬਾਰੇ ਗੁਰਬਾਣੀ ਵਿਚ ਇਕ ਮਹੱਵਪੂਰਣ ਕਥਨ ਹੈ :

ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ **ਪੰਚ ਤਤੁ ਤੇ ਜਨਮਾ** ॥

**ਸਾਕਤੁ ਲੋਭੀ ਇਹੁ ਮਨੁ ਮੂੜਾ** ॥ ਗੁਰਮੁਖਿ ਨਾਮੁ ਜਪੈ ਮਨੁ ਰੂੜਾ ॥੩॥(415)

ਇਸ ਗੁਰਵਾਕ ਅਨੁਸਾਰ ਮਨ ਕਰਮ-ਧਰਮ ਦੇ ਸੰਸਕਾਰਾਂ ਦੀ ਉਪਜ ਹੈ। ਇਸਦਾ ਜਨਮ ਪੰਜਾਂ ਤੱਤਾਂ ਤੋਂ ਹੋਇਆ ਹੈ। ਅਰਥਾਤ ਇਸਦਾ ਮਸਤਕ ਨਾਲ ਨੇੜਲਾ ਰਿਸਤਾ ਹੈ। ਮਨ ਦੀ ਇਹ ਸੰਕਲਪਨਾ ਕਿਸੇ ਹੱਦ ਤਕ ਨਿਊਰੋ-ਸਾਇੰਸ ਤੇ ਕੁਆਂਟਮ ਸਿੱਧਾਂਤ ਦੀਆਂ ਅੰਤਰ-ਦ੍ਰਿਸ਼ਟੀਆਂ ਨਾਲ ਮੇਲ ਖਾਂਦੀ ਹੈ। ਮਨ ਦਾ ਇਹ ਧਰਾਤਲ ਮੂਲ-ਪ੍ਰਵਿਰਤੀਆਂ (instincts) ਦਾ ਪ੍ਰਕਿਰਤਕ ਧਰਾਤਲ ਹੈ ਜੋ ਗੁਰਬਾਣੀ ਅਨੁਸਾਰ ਮਨ ਦੀ 'ਲੋਭੀ' ਤੇ 'ਮੂੜ੍ਹ' ਅਵਸਥਾ (ਜਾਂ ਅਣ-ਜਾਗ੍ਰਿਤ ਅਵਸਥਾ) ਦਾ ਲਖਾਇਕ ਹੈ। ਮਨ ਦੀ ਇਸ ਅਵਸਥਾ ਨੂੰ ਗੁਰ-ਗਿਆਨ ਰਾਹੀਂ ਰੂਪਾਂਤਰਿਤ ਕੀਤਾ ਜਾ ਸਕਦਾ ਹੈ।(ਗੁਰਮੁਖਿ ਨਾਮੁ ਜਪੈ ਮਨੁ ਰੂੜਾ)। ਗੁਰਬਾਣੀ ਵਿਚ ਮਨ ਦੀ ਇਸ ਅਧਿਆਤਮਕ ਜਾਗ੍ਰਿਤੀ (ਸੱਭਿਆਚਾਰਕ ਰੂਪਾਂਤਰਣ) ਵਲ ਸੰਕੇਤ ਕਰਨ ਵਾਲੀਆਂ ਕੁਝ ਹੋਰ ਪੰਗਤੀਆਂ ਪੇਸ਼ ਹਨ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ** ਕਾਲਾ ਹੋਆ ਸਿਆਹੁ ॥
ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥੧॥(651)
ਮਨ ਰੇ ਸਬਦਿ ਤਰਹੁ ਚਿਤੁ ਲਾਇ ॥
ਜਿਨਿ ਗੁਰਮੁਖਿ ਨਾਮੁ ਨ ਬੂਝਿਆ ਮਰਿ ਜਨਮੈ ਆਵੈ ਜਾਇ ॥੧॥ ਰਹਾਉ ॥(19)

ਗੁਰਬਾਣੀ ਮਨ ਦੀ ਇਸ ਪੰਜ-ਭੂਤਕ ਪ੍ਰਕਿਰਤਕ ਅਵਸਥਾ ਨੂੰ ਉਸਦੀ ਮੌਲਿਕ ਪਹਿਚਾਣ ਨਹੀਂ ਮੰਨਦੀ। ਇਸ ਲਈ ਬਾਣੀਕਾਰ ਮਨ ਨੂੰ ਆਪਣਾ ਮੂਲ ਪਛਾਨਣ ਉੱਤੇ ਜ਼ੋਰ ਦਿੰਦੇ ਹਨ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**
ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥
ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ ॥ (558)

ਮਨ ਨੂੰ 'ਜੋਤਿ ਸਰੂਪ' ਮੰਨਣ ਦਾ ਅਰਥ ਹੈ ਉਸਨੂੰ ਭੌਤਿਕ ਪਾਸਾਰ ਨਾਲੋਂ ਤੋੜ ਕੇ ਅਧਿਆਤਮਕ ਪਾਸਾਰ ਨਾਲ ਜੋੜਨਾ। ਮਨ ਦੀ ਇਸੇ ਕਿਸਮ ਦੀ ਸੰਕਲਪਨਾ ਨੂੰ ਚਿਤ ਦੀ ਸੰਕਲਪਨਾ ਨਾਲ ਵੀ ਜੋੜਿਆ ਗਿਆ ਹੈ। ਜਿਸ ਤਰ੍ਹਾਂ ਮਨ ਆਪਣੀ ਪ੍ਰਕਿਰਤਕ ਲੋਭੀ ਤੇ ਮੂੜ੍ਹ ਅਵਸਥਾ ਕਾਰਣ ਭਟਕਣ ਵਿਚ ਪਿਆ ਰਹਿੰਦਾ ਹੈ ਓਸੇ ਤਰ੍ਹਾਂ 'ਚਿਤ' ਆਪਣੀ ਚਤੁਰਾਈ ਕਾਰਣ ਮਾਇਆਵੀ ਸੰਸਾਰ ਦੇ ਮੋਹ-ਬੰਧਨ ਬੱਝਿਆ ਰਹਿੰਦਾ ਹੈ। ਚਿਤ ਲਈ ਇਸ ਅਵਸਥਾ ਵਿਚੋਂ ਨੋਕਲਣ ਦਾ ਰਸਤਾ ਵੀ 'ਗੁਰ ਗਿਆਨ' ਹੀ ਹੈ :

ਬਿਖੁ ਮਾਇਆ ਚਿਤੁ ਮੋਹਿਆ ਭਾਈ ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰੁ ਸਚਿ ਵਸੈ ਭਾਈ ਜੇ **ਗੁਰ ਗਿਆਨੁ** ਸਮੋਇ ॥੨॥(638)
**ਮਨ ਮਹਿ ਮਨੂਆ ਚਿਤ ਮਹਿ ਚੀਤਾ** ॥ ਐਸੇ ਹਰਿ ਕੇ ਲੋਗ ਅਤੀਤਾ ॥੫॥
ਹਰਖ ਸੋਗ ਤੇ ਰਹਹਿ ਨਿਰਾਸਾ ॥ ਅੰਮ੍ਰਿਤੁ ਚਾਖਿ ਹਰਿ ਨਾਮਿ ਨਿਵਾਸਾ ॥(1190)

ਇਸ ਤਰ੍ਹਾਂ ਗੁਰਬਾਣੀ ਵਿੱਚ ਚੇਤਨਾ ਦੀ ਪ੍ਰਕਿਰਿਆ ਤੇ ਉਸ ਨਾਲ ਸੰਬੰਧਿਤ ਮਨੋਵਿਹਾਰ ਲਈ ਵੱਖ-ਵੱਖ ਧਰਾਤਲਾਂ ਦੀ ਸੰਕਲਪਨਾ ਕੀ ਗਈ ਹੈ। ਇਸਦਾ ਪਹਿਲਾ ਧਰਾਤਲ ਗਿਆਨ-ਇੰਦਰੀਆਂ ਤੇ ਕਰਮ-ਇੰਦਰੀਆਂ ਦੀ ਵਸਤੂ-ਸੰਸਾਰ ਨਾਲ ਅੰਤਰ-ਕਿਰਿਆ ਵਲ ਸੰਕੇਤ ਕਰਦਾ ਹੈ ਜੋ ਮਨੁੱਖ ਨੂੰ ਆਪੇ ਤੇ ਆਲਦੁਆਲੇ ਦੀ ਸੋਝੀ ਪ੍ਰਦਾਨ ਕਰਦਾ ਹੈ। ਦੂਸਰਾ ਧਰਾਤਲ ਚੇਤਨਾ ਦੀ ਪ੍ਰਕਿਰਿਆ ਨੂੰ ਸੰਚਾਲਿਤ ਕਰਨ ਵਾਲੇ ਸ਼ਕਤੀ-ਸਰੋਤਾਂ ਨਾਲ ਸੰਬੰਧ ਰੱਖਦਾ ਹੈ ਜਿਸਦੇ ਅੰਤਰਗਤ ਮਨ, ਚਿੱਤ ਤੇ ਅਹੰ (ਹਉਮੈ) ਵਰਗੇ ਮਾਨਸਿਕ ਤੱਤ ਆ ਜਾਂਦੇ ਹਨ। ਇਹ ਦੋਵੇਂ ਧਰਾਤਲ ਮਨੁੱਖ ਦੀ ਵਿਅਕਤੀਗਤ ਚੇਤਨਾ ਦੇ ਲਖਾਇਕ ਹਨ ਜੋ ਨਿੱਜ ਤੇ ਪਰ ਦੇ ਬੋਧ ਨਾਲ ਜੁੜੇ ਹੋਏ ਹਨ।

ਉਪਰੋਕਤ ਦੋਹਾਂ ਧਰਾਤਲਾਂ ਤੋਂ ਇਲਾਵਾ ਚੇਤਨਾ ਦਾ ਇਕ ਤੀਸਰਾ ਧਰਾਤਲ ਵੀ ਹੈ ਜੋ ਵਿਅਕਤੀਗਤ ਅਨੁਭਵ ਤੇ ਬੋਧ ਦੀ ਸੀਮਾ ਪਾਰ ਕਰ ਜਾਂਦਾ ਹੈ। ਭਾਰਤੀ ਗਿਆਨ ਪਰੰਪਰਾ ਤੇ ਗੁਰਬਾਣੀ ਵਿੱਚ ਚੇਤਨਾਂ ਦੇ ਇਸ ਧਰਾਤਲ ਦੀ ਨਿਸ਼ਾਨਦੇਹੀ 'ਆਤਮ' ਦੀ ਸੰਕਲਪਨਾ ਦੇ ਰੂਪ ਵਿੱਚ ਕੀਤੀ ਗਈ ਹੈ। ਇਸਦਾ ਵਿਵੇਚਨ ਕਰਨ ਲਈ ਅਸੀਂ ਇਕ ਵਾਰੀ ਫੇਰ ਗੁਰਬਾਣੀ ਦੇ ਪ੍ਰਵਚਨ ਵੱਲ ਪਰਤਦੇ ਹਾਂ। ਆਤਮ ਦੀ ਸੰਕਲਪਨਾ ਨਾਲ ਸੰਬੰਧਿਤ ਗੁਰਬਾਣੀ ਦੀਆਂ ਕੁਝ ਮਹੱਤਵਪੂਰਣ ਪੰਗਤੀਆਂ ਨਿਮਨ-ਅੰਕਿਤ ਹਨ :

**ਆਤਮ ਮਹਿ ਰਾਮੁ ਰਾਮ ਮਹਿ ਆਤਮੁ** ਚੀਨਸਿ ਗੁਰ ਬੀਚਾਰਾ ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ ॥੧॥ (1153)
ਜਿਸੁ ਅੰਦਰਿ ਬੁਧਿ ਬਿਬੇਕੁ ਹੈ ਹਰਿ ਨਾਮੁ ਮੁਰਾਰੀ ॥
ਸੋ ਸਤਿਗੁਰੁ ਸਭਨਾ ਕਾ ਮਿਤੁ ਹੈ ਸਭ ਤਿਸਹਿ ਪਿਆਰੀ ॥
**ਸਭੁ ਆਤਮ ਰਾਮੁ ਪਸਾਰਿਆ** ਗੁਰ ਬੁਧਿ ਬੀਚਾਰੀ ॥੯॥(589)
ਆਤਮ ਬ੍ਰਹਮੁ ਚੀਨਿ ਸੁਖੁ ਪਾਇਆ ਸਤਸੰਗਤਿ ਪੁਰਖ ਤੁਮਾਰੀ ॥੩॥(607)
**ਸਭੁ ਆਤਮ ਰਾਮੁ ਪਛਾਣਿਆ** ਭਉਜਲੁ ਤਰਿ ਗਇਆ ॥
ਜੋਤਿ ਸਮਾਣੀ ਜੋਤਿ ਵਿਚਿ ਹਰਿ ਨਾਮਿ ਸਮਇਆ ॥੧੪॥(790)
**ਆਤਮ ਰਾਮੁ ਸਰਬ ਮਹਿ ਪੇਖੁ ॥** ਪੂਰਨ ਪੂਰਿ ਰਹਿਆ ਪ੍ਰਭ ਏਕੁ ॥(892)
ਆਤਮ ਰਾਮੁ ਰਾਮੁ ਹੈ ਆਤਮ ਹਰਿ ਪਾਈਐ ਸਬਦਿ ਵੀਚਾਰਾ ਹੇ ॥੭॥(1030)

ਇਨ੍ਹਾਂ ਪੰਗਤੀਆਂ ਵਿਚ ਵਿਭਿੰਨ ਪ੍ਰਸੰਗਾਂ ਰਾਹੀਂ ਆਤਮ ਦੀ ਸਰਬ-ਵਿਆਪਕਤਾ ਦਾ ਬੋਧ ਉਜਾਗਰ ਹੁੰਦਾ ਹੈ। ਇਹ ਵੇਦਾਂਤ ਅਨੁਸਾਰ ਜੀਵ ਤੇ ਬ੍ਰਹਮ ਦੀ ਏਕਤਾ ਦਾ ਹੀ ਕਾਵਿਕ ਪ੍ਰਗਟਾਵਾ ਮੰਨਿਆਂ ਜਾ ਸਕਦਾ ਹੈ।[18] ਆਤਮ ਦਾ ਇਹ ਸੰਕਲਪ ਮਨੁੱਖ ਵਿਅਕਤੀ (ਜੀਵ) ਦੀ ਅੰਤਰਾਤਮਾ ਵਿਚ ਵਸਦੀ ਪਰਮਾਤਮ ਜਾਂ ਬ੍ਰਹਮ ਦੀ ਸੰਭਾਵਨਾ ਹੈ ਜਿਸਨੂੰ ਗੁਰੂ ਦੀ ਗਿਆਨ-ਅਗਵਾਈ ਰਾਹੀਂ ਸਿੱਧ ਕੀਤਾ ਜਾ ਸਕਦਾ ਹੈ। ਅਸਲ ਵਿਚ ਚੇਤਨਾ ਦਾ ਇਹ ਧਰਾਤਲ ਆਤਮ ਤੇ ਅਨਾਤਮ ਦੀ ਅਭੇਦਤਾ ਦਾ ਰਹੱਸਵਾਦੀ ਬੋਧ ਹੈ। ਇਸਨੂੰ ਬ੍ਰਹਿਮੰਡੀ ਚੇਤਨਾ (cosmic consciousness) ਵੀ ਆਖਿਆ ਜਾ ਸਕਦਾ ਹੈ। ਇਸ ਵਿਰਾਟ ਬ੍ਰਹਿਮੰਡੀ ਚੇਤਨਾ ਦਾ ਖੂਬਸੂਰਤ ਕਾਵਿਕ ਪ੍ਰਗਟਾਵਾ ਗਉੜੀ ਰਾਗ ਵਿਚ ਰਚਿਤ ਗੁਰੂ ਨਾਨਕ ਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ :

ਪਉਣੈ ਪਾਣੀ ਅਗਨੀ ਕਾ ਮੇਲੁ ॥ ਚੰਚਲ ਚਪਲ ਬੁਧਿ ਕਾ ਖੇਲੁ ॥
ਨਉ ਦਰਵਾਜੇ ਦਸਵਾ ਦੁਆਰੁ ॥ ਬੁਝੁ ਰੇ ਗਿਆਨੀ ਏਹੁ ਬੀਚਾਰੁ ॥ ੧॥
ਕਥਤਾ ਬਕਤਾ ਸੁਨਤਾ ਸੋਈ ॥ ਆਪੁ ਬੀਚਾਰੇ ਸੁ ਗਿਆਨੀ ਹੋਈ ॥੧॥ ਰਹਾਉ ॥
ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥
ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥
ਜੈ ਕਾਰਣਿ ਤਟਿ ਤੀਰਥ ਜਾਹੀ ॥ ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥ ਭੀਤਰਿ ਹੋਦੀ ਵਸਤੁ ਨ ਜਾਣੈ ॥੩॥
ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥੪॥੪॥(152)

ਇਨ੍ਹਾਂ ਪੰਗਤੀਆਂ ਵਿਚ ਪਉਣ, ਪਾਣੀ ਤੇ ਅਗਨੀ ਦੇ ਮੇਲ ਰਾਹੀਂ ਸਿਰਜੇ ਗਏ ਪੰਜ-ਭੂਤਕ ਸਰੀਰ, ਉਸ ਵਿਚ ਵਸਦੀ 'ਚੰਚਲ ਚਪਲ ਬੁਧਿ' ਅਤੇ ਗਿਆਨ-ਇੰਦਰੀਆਂ ਦੀ ਪ੍ਰਤਿਨਿਧਤਾ ਕਰਨ ਵਾਲੇ ਦ੍ਰਿਸ਼ਟ/ਅਦ੍ਰਿਸ਼ਟ ਦਰਵਾਜ਼ਿਆਂ ਦਾ ਵਰਣਨ ਇਕ ਬੁਝਾਰਤ ਦੇ ਤੌਰ ਤੇ ਕੀਤਾ ਗਿਆ ਹੈ। ਇਸਨੂੰ ਨੂੰ ਅਸੀਂ ਸਹਿਜੇ ਹੀ ਮਨੁੱਖ ਦੀ ਜੀਵਾਤਮਕ ਹੋਂਦ ਦੇ ਰੂਪ ਵਿਚ ਪਛਾਣ ਲੈਂਦੇ ਹਾਂ। ਇਹ ਮਨੁੱਖ ਦੀ ਬਾਹਰਮੁਖੀ ਵਿਅਕਤੀਗਤ ਹੋਂਦ ਅਤੇ ਚੇਤਨਾ ਦਾ ਧਰਾਤਲ ਹੈ। ਪਰ ਗੁਰੂ ਜੀ 'ਕਥਤਾ ਬਕਤਾ ਸੁਨਤਾ ਸੋਈ ॥

ਆਪੁ ਬੀਚਾਰੇ ਸੁ ਗਿਆਨੀ ਹੋਈ ॥' ਦਾ ਨਵਾਂ ਪ੍ਰਸੰਗ ਛੇੜ ਦਿੰਦੇ ਹਨ ਜੋ ਰਹੱਸ ਤੇ ਰਮਜ਼ ਨਾਲ ਭਰਪੂਰ ਹੈ। ਅਸੀਂ ਸੋਚਦੇ ਹਾਂ ਕਿ ਕਹਿਣ/ਕਥਨ ਕਰਨ ਵਾਲੇ ਤੇ ਸੁਣਨ ਵਾਲੇ ਵਿਚਲਾ ਅੰਤਰ ਤਾਂ ਪ੍ਰਤੱਖ ਦਿਖਾਈ ਦਿੰਦਾ ਹੈ। ਫੇਰ ਇਕ ਕਿਵੇਂ ਹੋ ਗਏ? ਜ਼ਾਹਰ ਹੈ ਕਿ ਗੁਰੂ ਜੀ ਉਸ ਪਾਰਗਾਮੀ ਆਪੇ ਜਾਂ ਆਤਮ ਦੀ ਗੱਲ ਕਰ ਰਹੇ ਹਨ ਜੋ ਸਮੁੱਚੀ ਹੋਂਦ ਵਿਚ ਸਮਾਇਆ ਹੋਇਆ ਹੈ। ਇਸ ਸਰਬ-ਵਿਆਪੀ 'ਆਪੇ' ਦਾ ਬੋਧ ਮੌਤ ਦੇ ਪ੍ਰਸੰਗ ਰਾਹੀਂ ਸਪਸ਼ਟ ਹੁੰਦਾ ਹੈ। ਗੁਰੂ ਜੀ ਆਖਦੇ ਹਨ - ਦੇਹੀ ਮਾਟੀ ਬੋਲੈ ਪਉਣੁ ॥ ਬੁਝੁ ਰੇ ਗਿਆਨੀ ਮੂਆ ਹੈ ਕਉਣੁ ॥ ਭਾਵ ਇਹ ਕਿ ਦੇਹੀ ਤਾਂ ਮਿਟੀ ਹੈ ਤੇ ਇਸ ਬੋਲਣ ਵਾਲੀ ਸ਼ੈਅ ਹਵਾ (ਪਉਣ) ਹੈ ਤਾਂ ਫੇਰ ਮਰ ਕੌਣ ਜਾਂਦਾ ਹੈ? ਇਸ ਅੜਾਉਣੀ ਦਾ ਉੱਤਰ ਰਚਨਾ ਦੀ ਅਗਲੀ ਪੰਗਤੀ ਵਿਚ ਮਿਲਦਾ ਹੈ - ਮੂਈ ਸੁਰਤਿ ਬਾਦੁ ਅਹੰਕਾਰੁ ॥ ਓਹੁ ਨ ਮੂਆ ਜੋ ਦੇਖਣਹਾਰੁ ॥੨॥ ਅਰਥਾਤ ਕੇਵਲ ਸੁਰਿਤ ਤੇ ਅਹੰਕਾਰ ਦੀ ਭਾਵਨਾ ਮਰਦੀ ਹੈ, ਦੇਖਣਹਾਰ (ਦ੍ਰਿਸ਼ਟਾ) ਕਦੇ ਨਹੀਂ ਮਰਦਾ। ਦ੍ਰਿਸ਼ਟਮਾਨ ਦੀ ਨਾਸ਼ਮਾਨਤਾ ਦਾ ਨੇਮ ਦ੍ਰਿਸ਼ਟਾ ਉੱਤੇ ਲਾਗੂ ਨਹੀਂ ਹੁੰਦਾ। ਅੱਖ ਦੇ ਉਹਲੇ ਬੈਠਾ ਦ੍ਰਿਸ਼ਟਾ ਆਪ ਸਦਾ ਅਦ੍ਰਿਸ਼ਟ ਰਹਿੰਦਾ ਹੈ। ਅੰਤਲਾ ਕਥਨ ਹੋਰ ਵੀ ਅਰਥ-ਭਰਪੂਰ ਹੈ - ਹਉ ਨ ਮੂਆ ਮੇਰੀ ਮੁਈ ਬਲਾਇ ॥ ਓਹੁ ਨ ਮੂਆ ਜੋ ਰਹਿਆ ਸਮਾਇ ॥ ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥ ਮਰਤਾ ਜਾਤਾ ਨਦਰਿ ਨ ਆਇਆ ॥ ਅਰਥਾਤ ਮੈਂ (ਹਉਂ) ਨਹੀਂ ਮੇਰੀ ਬਲਾ ਮਰ ਗਈ ਹੈ। ਜੋ ਸਾਰੀ ਕਾਇਨਾਤ ਵਿਚ ਹਰ ਥਾਂ ਸਮਾਇਆ ਹੋਇਆ ਹੈ ਉਹ ਨਹੀਂ ਮਰਿਆ। ਗੁਰੂ ਜੀ ਆਖਦੇ ਹਨ ਕਿ ਗੁਰੂ ਨੇ ਮੈਨੂੰ ਜੀਵਨ ਦੇ ਪਰਮ ਸੱਚ (ਬ੍ਰਹਮ) ਦਾ ਦੀਦਾਰ ਕਰਵਾ ਦਿੱਤਾ ਹੈ। ਮੈਨੂੰ ਮਰਦਾ ਜਨਮਦਾ ਕੋਈ ਦਿਖਾਈ ਨਹੀਂ ਦਿੰਦਾ। ਭਗਵਦਗੀਤਾ ਵਿਚ ਵੀ ਆਤਮਾ ਦੀ ਇਸੇ ਕਿਸਮ ਦੀ ਸਦੀਵੀ ਹੋਂਦ ਦਾ ਸੰਕਲਪ ਪ੍ਰਸਤੁਤ ਹੁੰਦਾ ਹੈ।[19]

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਚੇਤਨਾ ਦੇ ਹਵਾਲੇ ਨਾਲ ਮਨੁੱਖ ਦੀ ਅਧਿਆਤਮਕ ਜਾਗ੍ਰਿਤੀ ਦਾ ਅਜਿਹਾ ਪ੍ਰਵਚਨ ਸਿਰਜਿਆ ਗਿਆ ਹੈ ਜੋ ਭਾਰਤੀ ਗਿਆਨ ਪਰੰਪਰਾ ਨਾਲ ਸੰਵਾਦ ਰਚਾਉਂਦਾ ਹੈ। ਇਸ ਵਿਚਲੀਆਂ ਅੰਤਰ-ਦ੍ਰਿਸ਼ਟੀਆਂ ਨਿਉਰੋ-ਸਾਇੰਸ ਤੇ ਕੁਆਟਮ ਮਕੈਨਿਕਸ ਵਰਗੇ ਆਧੁਨਿਕ ਗਿਆਨ-ਅਨੁਸ਼ਾਸਨਾਂ ਲਈ ਵੀ ਮਹੱਤਵਪੂਰਣ ਸਿੱਧ ਹੋ ਸਕਦੀਆਂ ਹਨ ਜੋ ਮਨ ਤੇ ਮਸਤਕ ਵਿਚਲੇ ਅੰਤਰ ਸੰਬੰਧਾਂ ਦੇ ਅਧਿਐਨ ਲਈ ਮਸ਼ੀਨੀ ਵਿਸ਼ਲੇਸ਼ਣ ਦੇ ਨਾਲ ਨਾਲ ਦ੍ਰਿਸ਼ਟਾ (observer) ਦੀ ਭੂਮਿਕਾ ਨੂੰ ਅਹਿਮ ਤੱਤ ਸਵੀਕਾਰ ਕਰ ਰਹੇ ਹਨ।

---

1 Consciousness: " 1. The state of being aware of and responsive to one's surroundings. . . 2. A person's awareness or perception of something. 2.1 The fact of awareness by the mind of itself and the world. 'consciousness emerges from the operations of the brain'" *https://en.oxforddictionaries.com/definition/consciousness*

2 Dennett, Daniel (1991), Allen Lane, ed., *Consciousness Explained*, The Penguin Press, ISBN 978-0-7139-9037-9

3 *https://en.wikipedia.org/wiki/Consciousness*

4 Horst Hendriks-Jansen (1996). *Catching ourselves in the act: situated activity, interactive emergence, evolution, and human thought.* Massachusetts Institute of Technology. p. 114.

5 *https://dictionary.cambridge.org/dictionary/english/quantum*

6 "Quantum mechanics (QM – also known as quantum physics, or quantum theory) is a branch of physics which deals with physical phenomena at microscopic scales, where the action is on the order of the Planck constant. Quantum mechanics departs from classical mechanics primarily at the quantum realm of atomic and subatomic length scales. Quantum mechanics provides a mathematical description of much of the dual particle-like and wave-like behavior." *https://physics.stackexchange.com/*

[7] *https://www.thoughtco.com/*

[8] *https://www.nature.com/subjects/neuroscience*

[9] Mandler, G. *Consciousness recovered: Psychological functions and origins of thought*. Philadelphia: John Benjamins. 2002

[10] Kak S. (2008) 'Consciousness in Ancient India.' In: Selin H. (eds) *Encyclopaedia of the History of Science, Technology, and Medicine in Non-Western Cultures*. Springer, Dordrecht

[11] *ਓਹੀ*

[12] *ਓਹੀ*

[13] ਗੁਰਬਾਣੀ ਦੀ ਇਸ ਪ੍ਰਵਚਨਗਤ ਵਿਲੱਖਣਤਾ ਬਾਰੇ ਬਾਣੀਕਾਰ ਆਪ ਵੀ ਸੁਚੇਤ ਹਨ। ਮਿਸਾਲ ਵਜੋਂ ਗੁਰਬਾਣੀ ਦੀਆਂ ਕੁਝ ਪੰਗਤੀਆਂ ਪੇਸ਼ ਹਨ : "ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ ॥" (*ਗੁਰੂ ਗ੍ਰੰਥ ਸਾਹਿਬ*, 335) "ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ" (*ਗੁਰੂ ਗ੍ਰੰਥ ਸਾਹਿਬ*, 581) ਇਨ੍ਹਾਂ ਪੰਗਤੀਆਂ ਵਿਚ 'ਗੀਤ" ਕਾਵਿਕਤਾ ਵਲ ਸੰਕੇਤ ਕਰਦਾ ਹੈ ਅਤੇ 'ਬ੍ਰਹਮ ਬੀਚਾਰ' ਦਾਰਸ਼ਨਿਕਤਾ ਵਲ।

[14] "ਧਰਮ ਖੰਡ ਵਿੱਚ ਜੀਵਨ ਦਾ ਨਿਬੇੜਾ ਆਪੋ-ਆਪਣੇ ਕਰਮਾਂ ਨਾਲ ਹੁੰਦਾ ਹੈ। ਪ੍ਰਭੂ ਦੀ ਮਿਹਰ ਭਰੀ ਨਜ਼ਰ ਨਾਲ ਜੀਵ ਨੂੰ ਵਡਿਆਈ ਮਿਲਦੀ ਹੈ। ਉਸ ਦੀ ਕਚਿਆਈ ਤੇ ਪਕਿਆਈ ਦਾ ਪਤਾ ਪਰਮਾਤਮਾ ਦੇ ਦਰ 'ਤੇ ਗਿਆਂ ਸਮਝ ਆਉਂਦਾ ਹੈ। ਗਿਆਨ ਖੰਡ ਵਿੱਚ ਮਨੁੱਖ ਦਾ ਮਨ ਵਿਸ਼ਾਲ ਹੁੰਦਾ ਹੈ। ਇਹ ਜਗਤ ਇੱਕ ਵੱਡਾ ਟੱਬਰ ਹੈ ਜਿਸ ਪ੍ਰਤਿ ਪ੍ਰੇਮ ਦੀ ਲਹਿਰ ਚੱਲ ਪੈਂਦੀ ਹੈ । ਸਰਮ ਖੰਡ ਵਿੱਚ ਸਾਧਨਾ ਦੀ ਘਾੜਤ ਨਾਲ ਮਨ ਬਹੁਤ ਸੋਹਣਾ ਹੋ ਜਾਂਦਾ ਹੈ। ਇਸ ਵਿੱਚ ਸੁਰਤਿ, ਮਤ, ਮਨ, ਬੁੱਧ ਘੜੀ ਜਾਂਦੀ ਹੈ। ਕਰਮ ਖੰਡ ਵਿੱਚ ਮਨੁੱਖ ਉੱਤੇ ਪ੍ਰਭੂ ਦੀ ਮਿਹਰ ਹੁੰਦੀ ਹੈ। ਉਸ ਨੂੰ ਸਾਰੇ ਆਪਣੇ ਹੀ ਦਿੱਸਦੇ ਹਨ। ਉਹ ਹਮੇਸ਼ਾਂ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿੱਚ ਰਹਿੰਦਾ ਹੈ। ਸੱਚ ਖੰਡ ਵਿੱਚ ਪ੍ਰਭੂ ਦਾ ਨਿਵਾਸ ਹੁੰਦਾ ਹੈ। ਉਹ ਸ੍ਰਿਸ਼ਟੀ ਨੂੰ ਰਚ ਕੇ ਉਸ ਦਾ ਸੰਚਾਲਨ ਵੀ ਕਰਦਾ ਹੈ। ਪਰ ਇਹ ਉੱਚੀ ਅਵਸਥਾ ਆਚਰਨ ਦੀ ਪਵਿੱਤਰਤਾ ਨਾਲ ਹੀ ਸੰਭਵ ਹੈ।" ਸਰੋਤ : *ਬਾਲ ਵਿਸ਼ਵਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

[15] "बुद्धि संज्ञा स्त्री॰ [सं॰] १. वह शक्ति जिसके अनुसार मनुष्य किसी उपस्थित विषय के संबंध में ठीक ठीक विचार या निर्णय करता है । विवेक या निश्चय करने की शक्ति । अक्ल । समझ । विशेष– हमारे यहाँ बुद्धि अंतःकरण की चार वृत्तियों में से दूसरी वृति मानी गई है ओर इसके नित्य और अनित्य दो भेद रखे गए हैं । इसमें से नित्य बुद्धि परमात्मा की और अनित्यबुद्धि जीव की मानी गई है । शब्दसागर *https://hi.wiktionary.org/wiki*

[16] ਅੰਤਹਕਰਣ . ਸੰ. **अन्तःकरण**. ਸੰਗਜਾ- ਅੰਤਰ ਦੀ ਇੰਦ੍ਰੀ (ਇੰਦ੍ਰਿਯ), ਜਿਸ ਦੇ ਸੰਜੋਗ ਨਾਲ ਬਾਹਰਲੀਆਂ ਇੰਦ੍ਰੀਆਂ ਕਾਰਜ ਕਰਦੀਆਂ ਹਨ. ਇਸ ਦੇ ਚਾਰ ਭੇਦ ਹਨ : ੧. ਮਨ , ਜਿਸ ਕਰਕੇ ਸੰਕਲਪ ਵਿਕਲਪ ਫੁਰਦੇ ਹਨ। ੨. ਬੁੱਧਿ , ਜਿਸ ਤੋਂ ਵਿਚਾਰ ਅਤੇ ਨਿਸ਼ਚਾ ਹੁੰਦਾ ਹੈ। ੩. ਚਿੱਤ , ਜਿਸ ਕਰਕੇ ਸਮਰਣ ( ਚੇਤਾ ) ਹੁੰਦਾ ਹੈ। ੪. ਅਹੰਕਾਰ , ਜਿਸ ਤੋਂ ਪਦਾਰਥਾਂ ਨਾਲ ਆਪਣਾ ਸੰਬੰਧ ਹੁੰਦਾ ਹੈ। ਮਮਤ੍ਵ. ਮਮਤਾ. ਸਰੋਤ : *ਗੁਰੁਸ਼ਬਦ ਰਤਨਾਕਾਰ ਮਹਾਨ ਕੋਸ਼*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

[17] ਦੇਖੋ, *Dictionary.com*.

[18] "**ब्रह्म सत्यं जगत् मिथ्या जीवो ब्रह्मैव नापरः** (ब्रह्म सत्य है, जीवन मिथ्या है, जीव और ब्रह्म में कोई अन्तर नहीं है)"
विवेक चूडामणि (अदि शंकराचार्य)

[19] न जायते म्रियते वा कदाचि-न्नायं भूत्वा भविता वा न भूयः ।
अजो नित्यः शाश्वतोऽयं पुराणोन हन्यते हन्यमाने शरीरे ।।
यह आत्मा किसी कालमें भी न तो जन्मता है और न मरता ही है; या तो पूर्व न होकर पुनः न रहनेवाला भी नहीं है;
क्योंकि यह अजन्मा, नित्य, सनातन और पुरातन है; शरीरके मारे जानेपर भी यह नहीं मारा जाता । भगवद्गीता (2.20)